ਦੁਪਹਿਰ ਦਾ ਸਫ਼ਾ

ਲੇਖਕ ਦੀਆਂ ਹੋਰ ਪੁਸਤਕਾਂ :

- ਇਕਬਾਲ ਰਾਮੂਵਾਲੀਆ ਕਾਵਿ: ਉਤਰਆਧੁਨਿਕ ਪਰਿਪੇਖ (ਆਲੋਚਨਾ)
- ਸੁਤਿੰਦਰ ਸਿੰਘ ਨੂਰ: ਸਿੱਧਾਂਤ ਤੇ ਸਮੀਖਿਆ (ਮੈਟਾ ਆਲੋਚਨਾ)
- ਸਾਹਿਤ ਸਿਧਾਂਤਕਾਰੀ ਅਤੇ ਪ੍ਰਮੁੱਖ ਪੰਜਾਬੀ ਸਿਧਾਂਤਕਾਰ (ਸਿਧਾਂਤਕਾਰੀ)
- ਮਹਾਂਮਾਨਵ (ਨੀਤਸ਼ੇ ਦੇ 'ਸੁਪਰਮੈਨ' ਦਾ ਪੁਨਰ ਸਿਰਜਣ)
- ਵੱਡਿਆਂ ਦੀਆਂ ਮੱਤਾਂ (ਲੋਕ ਕਹਾਣੀਆਂ)

# ਦੁਪਹਿਰ ਦਾ ਸਫ਼ਾ

ਦੇਵਿੰਦਰ ਸੈਫ਼ੀ

Autumn Art

Published by
Autumn Art (India)
E-mail : autumnartpublishers@gmail.com

Branch Office
3, Kahlon Complex
Opp. Punjabi University, Patiala-147002
Ph. 0175-5188578, Mob. 91158-72450

*all rights reserved.*

Logo of Autumn Art *by* kafir.

© 2021 Dr. Devinder Saifee

ISBN 978-81-949645-1-3

Revised 4th Edition 2021

Printed & Bound at:
Twentyfirst Century Printing Press, (Patiala)

Dupehar Da Sapha (Rebel Poetry)
By
Dr. Devinder Saifee
V.P.O. Moranwali
Teh. & Distt. Faridkot (151203)
Mob. 94178-26954
Email- devindersaifee5@gmail.com

ਸਮਰਪਿਤ

ਨੀਤਸ਼ੇ ਦੀ ਮਹਾਂਮਾਨਵੀ
ਤੇ ਮਿਖਾਈਲ ਨਈਮੀ ਦੀ ਮੀਰਦਾਦੀ
ਚੇਤਨਾ ਨੂੰ

## ਹਰਫ਼ ਅਗਨ ਦੇ

ਉਮਰਾ ਦੀ ਪੋਥੀ ਵਿਚ ਜਿੰਨੇ
ਸਫ਼ੇ ਦੁਪਹਿਰ ਦੇ ਹੋ ਸਕਦੇ ਨੇ

ਉਹਨਾਂ ਉੱਤੇ ਹਰਫ਼ ਅਗਨ ਦੇ
ਕਵਿਤਾ-ਪੂਣੀ ਛੋਹ ਸਕਦੇ ਨੇ

ਮੇਰੀ, ਤੇਰੀ, ਓਹਦੀ, ਧੁੱਪ ਨੂੰ
ਆਪਣੇ ਵਿਚ ਸਮੋ ਸਕਦੇ ਨੇ

ਜੰਮੇ ਹੰਝੂਆਂ ਨੂੰ ਪਿਘਲਾ ਕੇ
ਨੈਣਾਂ ਤਾਈਂ ਧੋ ਸਕਦੇ ਨੇ

ਗਗਨਾਂ ਦੀ ਚਾਦਰ ਦੇਵਣ ਲਈ
ਸਾਰੇ ਪਰਦੇ ਖੋਹ ਸਕਦੇ ਨੇ

ਸਿਮਟੀ ਜੋ ਪਰਵਾਜ਼ ਪਈ ਹੈ
ਆਪਣੇ ਹੱਥੀਂ ਟੋਹ ਸਕਦੇ ਨੇ

ਖ਼ਾਬਾਂ ਦੇ ਮਹਿਲਾਂ ਦੀਆਂ ਨੀਂਹਾਂ
ਇਹ ਮਤਵਾਲੇ ਜੋਹ ਸਕਦੇ ਨੇ

ਵਾਦਾਂ ਵਿਚੋਂ ਅਰਥ ਨਾ ਸੱਦੀਂ
ਆਮ ਅਹਿਸਾਸ ਵੀ ਹੋ ਸਕਦੇ ਨੇ

## ਤਰਤੀਬ


❒ 'ਦੁਪਹਿਰ ਦਾ ਸਫ਼ਾ' ਦਾ ਸੁਆਗਤ 09
❒ ਤੌਫ਼ੀਕ 13
❒ ਮੇਰੀ ਕਵਿਤਾ 14
❒ ਮੇਰਾ ਧਰਮ, ਮੇਰੀ ਜਾਤ 15
❒ ਸ਼ੇਖ਼ ਫ਼ਰੀਦ ਦੀ ਦਰਗਾਹ 'ਤੇ 16
❒ ਮੰਥਨ 20
❒ ਸ਼ਰਧਾ ਅੰਦਰ ਲਿਪਟੇ ਬੇਦਾਵੇ 23
❒ ਓ ਸਤਿਸੰਗ ਕਰਦਿਆ 26
❒ ਮਾਨਸ ਜਨਮੁ ਦੁਲੰਭੁ! 30
❒ ਇਕ ਚਿੱਠੀ 33
❒ ਬੇਦਖ਼ਲੀ-ਨੋਟਿਸ 36
❒ ਜ਼ਿੰਦਗੀ ਮੈਨੂੰ ਟੱਕਰੀ 38
❒ ਕਵੀ ਦੀ ਖ਼ੁਦਕੁਸ਼ੀ 40
❒ ਪੰਜਾਬੀਆਂ ਦੀ ਆਜ਼ਾਦੀ-ਯਾਤਰਾ 42
❒ ਅੰਮ੍ਰਿਤ-ਵੇਲਾ 45
❒ ਧਰਮ 46
❒ ਜ਼ਿੰਦਗੀ 48
❒ ਕਿਰਤ-ਖੇਡ 49
❒ ਅੱਖਾਂ 'ਚ ਵਸਾਉਣਾ 51
❒ ਬੁੱਧ ਤੋਂ ਉਰ੍ਹੇ 52
❒ ਸਾਹਾਂ ਦਾ ਕੇਕ 54
❒ ਗੁਨਾਹ ਤੇ ਗੁਨਾਹਗ਼ਾਰ 56
❒ ਬਿਮਾਰ ਖ਼ੁਦਾ 57
❒ ਦੋਸਤੀ ਤੇ ਦੁਸ਼ਮਣੀ 58
❒ ਪਤੀ-ਪਤਨੀ 59
❒ ਰਿਸ਼ਤੇ 60
❒ ਵਿਸ਼ਵਾਸ 61
❒ ਪਹਿਰ 62
❒ ਗ਼ਲਤਫਹਿਮੀ 63
❒ ਇਰਾਦਾ 64

❒ ਦੁਬਿਧਾ 65
❒ ਸਮਝੌਤਾ 66
❒ ਸਲਾਹ 67
❒ ਮੇਰੇ ਤੇਰੇ ਸੁਪਨੇ 68
❒ ਵੈਲਨਟਾਈਨਜ਼ ਡੇ 69
❒ ਬੁਲਬੁਲ ਤੇ ਕਾਂ 70
❒ ਹੁਕਮਰਾਨ ਨੂੰ 71
❒ ਵੋਟਰਾਜ 72
❒ ਮੁਰਗੀਆਂ 73
❒ ਵਿਡੰਬਨਾ 74
❒ ਕਵੀ ਤੇ ਕਵਿਤਾ 75
❒ ਮਾਏ ਨੀਂ 76
❒ ਤੈਨੂੰ ਰੱਬ ਬਣਾਉਣਾ ਸੀ 79
❒ ਜਿੰਦ-ਕੁਆਰੀ 81
❒ ਵਣਜ ਵਿਹਾਈ ਅੱਗ 82
❒ ਲੋਹੜੀਏ ਨੀਂ 83
❒ ਆ ਬਿਰਖਾ 84
❒ ਛੱਡ ਬਿਰਖਾ 85
❒ ਰਾਹਾਂ ਨੂੰ ਅਸਾਂ ਮੁਰਸ਼ਦ ਮੰਨਿਆ 87
❒ ਕਿਸ ਪੱਤੀ 'ਚੋਂ ਜ਼ਹਿਰ 89
❒ ਸ਼ਹਿਰ ਮੇਰੇ ਦਾ ਅੰਨ੍ਹਾ ਰਾਜਾ 90
❒ ਜਦ ਵੀ ਆਪਣੇ ਆਪ ਤੋਂ 91
❒ ਮੈਂ ਰਾਤਾਂ ਵਿੱਚ ਭਟਕਿਆ 92
❒ ਇਹ ਤੇਰੀ ਜੰਜ਼ੀਰ 93
❒ ਸੱਜਣ ਅਸਾਂ ਦੇਸ਼ ਤੇਰੇ ਵਿੱਚ 94
❒ ਕਾਹਦਾ ਜਿੰਦੇ ਮਾਣ ਕਰੇਂਦੀ 96
❒ ਤੈਨੂੰ ਨਜ਼ਰ ਅਸਾਂ ਲਾਉਣੀ ਏ 97
❒ ਨੀਂ ਕੁੜੀਓ ਹੱਸਦੀਆਂ ਰਹੋ 98
❒ ਮਾਂ ਬੋਲੀ 99
❒ ਇਹ ਮੇਰਾ ਪੰਜਾਬ 100
❒ ਪੰਛੀ ਜਾ ਰਹੇ 102
❒ ਇਹ ਅਰਜ਼ ਫ਼ਕੀਰਾਂ ਦੀ 103
❒ ਕਾਵਿ-ਖ਼ਿਆਲ 105


## 'ਦੁਪਹਿਰ ਦਾ ਸਫ਼ਾ' ਦਾ ਸੁਆਗਤ

ਦੇਵਿੰਦਰ ਸੈਫ਼ੀ ਦੇ ਇਸ ਕਾਵਿ-ਸੰਗ੍ਰਹਿ ਦੀ ਗੱਲ, ਮੈ ਉਸਦੀ ਕਵਿਤਾ ਨੂੰ ਪਰਿਭਾਸ਼ਤ ਕਰਦੀਆਂ ਹੇਠ ਲਿਖੀਆਂ ਸਤਰਾਂ ਤੋਂ ਸ਼ੁਰੂ ਕਰਨੀ ਚਾਹੁੰਦਾ ਹਾਂ :

ਮੈਂ ਅਗਨੀ ਦਾ ਅਗਨੀ ਮੇਰੀ, ਸਾਡਾ ਏ ਸਾਥ ਚਿਰੋਕਾ
ਅਗਨੀ ਨੇ ਹੱਥ ਕਲਮ ਫੜਾਈ, ਦੇਣਾ ਪੈ ਗਿਆ ਹੋਕਾ
ਕਵਿਤਾ ਤੇ ਅੱਗ ਜੁੜਵੀਆਂ ਭੈਣਾਂ, ਅਜ਼ਲੋਂ ਸਾਂਝ ਪਕੇਰੀ
ਸ਼ਾਲਾ! ਅੱਗ ਤੇ ਪਵੇ ਨਾ ਪਾਣੀ, ਪੈ ਨਾ ਜਾਏ ਸੋਕਾ।

'ਅਗਨੀ' ਉਹ ਚਿਹਨਕ ਜਾਂ ਸਿਗਨੀਫ਼ਾਇਰ ਹੈ ਜਿਸ ਨਾਲ ਦੇਵਿੰਦਰ ਸੈਫ਼ੀ ਦੀ ਕਵਿਤਾ ਦੀ ਸ਼ਕਤੀ ਸੰਬੰਧਿਤ ਹੈ। ਉਹ ਜਿਸ ਕਾਵਿ-ਚੇਤਨਾ, ਸਮਾਜਿਕ-ਚੇਤਨਾ ਜਾਂ ਵਿਚਾਰਧਾਰਕ ਅਵਾਜ਼ ਵਿੱਚ ਬੋਲਦਾ ਹੈ, ਇਸ ਚਿਹਨਕ ਚੋਂ ਉਸਦੇ ਕਈ ਸੰਕੇਤ ਜਾਗਦੇ ਹਨ। 'ਚਿਰੋਕਾ' ਨੇ ਉਸਦੇ ਕਾਵਿ ਦੀ ਇਕ ਕਾਲ-ਡੂੰਘਾਈ ਦਾ ਭੇਤ ਸਾਂਭਿਆ ਹੋਇਆ ਹੈ। ਉਹ ਆਪਣੇ ਕਾਵਿ ਵਿਚ ਆਦਿ-ਕਾਲ ਤੋਂ ਉਦੈ ਹੁੰਦੇ ਕਾਵਿ ਦੀ ਸ਼ੈਲੀ ਅਤੇ ਚੇਤਨਾ ਨੂੰ ਸਾਂਭੀ ਬੈਠਾ ਹੈ। ਸੂਫ਼ੀ ਅਤੇ ਹੋਰ ਵਿਕਾਸ ਵਿਚ ਸਾਹਮਣੇ ਆਈ ਫ਼ਕੀਰੀ ਉਸਦੀ ਕਵਿਤਾ ਵਿਚ ਰਮੀ ਹੋਈ ਹੈ। ਇਸ ਦਾ ਸੰਬੰਧ ਗਿਆਨ ਤੇ ਦਰਸ਼ਨ ਦੇ ਉਸ ਵਿਕਾਸ ਨਾਲ ਵੀ ਹੈ ਜੋ ਲਾਉਤਸੇ, ਜ਼ਰਥੁਸਟ, ਬੁੱਧ, ਮਾਰਕਸ, ਨਿਤਸ਼ੇ, ਕੀਰਕੇਗਾਰਦ, ਸਾਰਤਰ ਆਦਿ ਦੁਆਰਾ ਸਾਹਮਣੇ ਆਇਆ। ਉਹ ਕਾਵਿ-ਚੇਤਨਾ ਵਿਚ ਇਹ ਸਭ ਕੁਝ ਨਿਰੀਖਣ ਕਰਦਿਆਂ ਰਮਾਉਂਦਾ ਹੈ। ਅਗਰਭੂਮੀ 'ਤੇ ਕਾਵਿ-ਚੇਤਨਾ, ਕਾਵਿ-ਭਾਸ਼ਾ, ਕਾਵਿ-ਚਿਹਨਾਂ ਨੂੰ ਰੱਖਦਾ ਹੈ, ਪਿਛੋਕੜ 'ਤੇ ਚੇਤਨਾ ਨਾਲ ਜੁੜਿਆ ਬਾਕੀ ਸੰਸਾਰ ਪੱਸਰਿਆ ਹੁੰਦਾ ਹੈ। ਇਸ ਸਭ ਕੁਝ ਦੀ ਇਕ ਕਾਵਿ-ਸੰਰਚਨਾ ਬਣਾਉਂਦਿਆਂ ਉਹ ਇਕ ਪੂਰਬੀ (ਓਰੀਐਂਟਲ) ਅੰਦਾਜ਼ ਨਾਲ ਜੁੜਿਆ ਰਹਿੰਦਾ ਹੈ। ਇਸੇ 'ਚੋਂ ਇਕੋ ਸਮੇਂ ਉਸਦਾ ਫ਼ਕੀਰੀ ਅੰਦਾਜ਼ ਤੇ ਉਹ ਸ਼ਕਤੀ ਪੈਦਾ ਹੁੰਦੀ ਹੈ ਜਿਸ ਦਾ ਅਗਨੀ ਚਿਹਨ-ਚਿਹਨਕ ਹੈ। ਜਦੋਂ ਉਹ ਕਹਿੰਦਾ ਹੈ :

ਜੇ ਸਾਈਂ ਤੌਫ਼ੀਕ ਦੇਵੇਂ ਤਾਂ
ਜੀਵਨ-ਲਿੱਪੀ ਪੜ੍ਹਸਾਂ
ਉਮਰਾ ਦੇ ਹਰਫ਼ਾਂ ਵਿਚ ਕੋਈ

ਅਰਥ-ਮਜੀਠੀ ਭਰਸਾਂ
ਰੌਸ਼ਨ ਕਰਕੇ ਸ਼ਮ੍ਹਾ-ਹਕੀਕੀ
ਮਸਤਕ-ਮਮਟੀ ਧਰਸਾਂ...।

ਇਹ ਅੰਦਾਜ਼ ਸੂਫ਼ੀ ਹੈ। ਭਾਸ਼ਾ ਵੀ ਉਹੀ ਪ੍ਰਗੀਤਕ ਹੈ। ਇਹ ਰੰਗ ਹੋਰ ਅਪਣੱਤ ਨਾਲ ਉਦੋਂ ਉਘੜਦਾ ਹੈ, ਜਦੋਂ ਉਹ ਸ਼ੇਖ ਫ਼ਰੀਦ ਦੀ ਕਾਵਿ-ਵਿਧੀ ਨਾਲ ਜੁੜਦਿਆਂ ਉਹੋ ਜਿਹੀ ਅਵਾਜ਼ ਤੇ ਅੰਦਾਜ਼ ਵਿਚ ਦੋਹਿਆਂ ਦੀ ਰਚਨਾ ਕਰਦਾ ਹੈ :

ਜਦ ਖੱਟਣ ਕਾ ਵੇਲ ਸੀ ਅਸਾਂ ਕੁਝ ਨਾ ਖੱਟਿਆ
ਉਧੜੀ ਗਏ ਗਲੋਟੜੇ ਧਾਗਾ ਨਾ ਵੱਟਿਆ
ਛੱਪੜ ਕੰਢੇ ਬੈਠਿਆਂ ਨੂੰ ਮੱਤ ਕੀ ਆਉਂਦੀ,
ਜਿੰਦ-ਨਿਮਾਣੀ ਕਿਸ ਤਰਾਂ ਸਰਵਰ ਵਿਚ ਨ੍ਹਾਉਂਦੀ...
ਨਿੱਤ ਦਿਹਾੜੇ ਚੂੰਡਿਆ ਸਾਨੂੰ ਅੰਦਰੋਂ ਕਾਗਾਂ,
ਅਸੀਂ ਰਹਿਗੇ ਮੱਥੇ ਟੇਕਦੇ ਨਾ ਆਈਆਂ ਜਾਗਾਂ...

ਇਹੀ ਉਹ ਆਦਿ-ਬਿੰਦੂ ਹੈ, ਜਿਥੋਂ ਉਹ ਕਵਿਤਾ ਵਿਚ ਉਦੈ ਹੁੰਦਾ ਹੈ ਤੇ ਫਿਰ 'ਮੰਥਨ' ਕਰਦਿਆ 'ਅਸੰਖ ਨੂੰ ਪਰਵੇਸ਼ ਕਰ ਜਾਣ ਦਿਉ' ਨਾਲ ਜੁੜਦਿਆਂ ਬਾਕੀ ਕਵਿਤਾ ਵਿਚ ਵਿਸ਼ਾਲ ਹੁੰਦਾ ਤੇ ਫ਼ੈਲਦਾ ਹੈ। ਉਸਦੀ ਅਵਾਜ਼ ਵਿਚ ਮੀਰਾ ਤੇ ਵਾਰਿਸ ਇਕੱਠੇ ਬੋਲਦੇ ਹਨ, ਮਰਦਾਨੇ ਦੀ ਰਬਾਬ ਚਹੁੰ ਵਰਣਾਂ ਦੀ ਸਾਂਝੀ ਬਾਣੀ ਅਲਾਪਦੀ ਹੈ, ਵਿਗਿਆਨ ਤੇ ਮੁੱਦਤਾਂ ਦੀ ਗਵਾਚੀ ਆਤਮਾ ਇਕਸੁਰ ਹੁੰਦੇ ਹਨ। ਉਸਦੀ ਕਵਿਤਾ ਇਸ ਸਭ ਦਾ ਸੰਚਾਰ ਬਣਦੀ ਹੈ। ਉਹ ਧਰਮ, ਰਾਜਨੀਤੀ ਅਤੇ ਸਮਾਜਿਕ ਕੀਮਤਾਂ ਉਪਰ ਇਸੇ ਚੇਤਨਾ ਨਾਲ ਕਟਾਖ਼ਸ਼ ਕਰਨ ਲੱਗਦਾ ਹੈ :

ਧਰਮ!
ਰਾਜਨੀਤੀ ਲਈ ਬੂਟਾਂ ਦਾ ਜੋੜਾ
ਜਿਸਨੂੰ ਪਾ ਕੇ ਲੋਕਾਂ ਦੇ ਸਿਰਾਂ 'ਤੇ ਤੁਰਿਆ ਜਾਂਦਾ

ਧਰਮ!
ਸਰਮਾਏਦਾਰੀ ਲਈ ਸੀਵਰੇਜ ਦਾ ਢੱਕਣ
ਜੀਹਦੇ ਆਸਰੇ ਸਾਰਾ ਕੋਹਜ ਢਕ ਲਿਆ ਜਾਂਦਾ

ਇਉਂ ਆਦਿ-ਬਿੰਦੂ ਤੋਂ ਦਰਸ਼ਨ ਦੀਆਂ ਡੂੰਘਾਈਆਂ 'ਚੋਂ ਲੰਘਦਾ ਉਹ ਵਰਤਮਾਨ 'ਤੇ ਪਹੁੰਚਦਾ ਹੈ। ਵੋਟ-ਰਾਜ, ਮਾਨਸਿਕ ਗ਼ੁਲਾਮੀ, ਦੁਬਿਧਾ, ਹੁਕਮਰਾਨ, ਵਿਭਿੰਨ ਸਮਾਜਿਕ ਰਿਸ਼ਤਿਆਂ, ਸਥਾਪਤੀ ਨਾਲ ਜੁੜਦੇ ਕਵੀਆਂ, ਵਿਕਾਊ ਬੁੱਧੀਜੀਵੀਆਂ ਤੇ ਬਿਮਾਰ ਖ਼ੁਦਾ ਨੂੰ ਘੋਖਦਾ ਤੇ ਕਟਾਖ਼ਦਾ ਹੈ।



ਕਵਿਤਾ ਦੀ ਇਸ ਯਾਤਰਾ 'ਚੋਂ ਲੰਘਦਾ ਹੋਇਆ ਉਹ ਨਿਰੋਲ ਪ੍ਰਗੀਤ 'ਤੇ ਪਹੁੰਚਦਾ ਹੈ, ਜਿਸ ਵਿਚ ਉਸਦੇ ਗੀਤ ਤੇ ਗ਼ਜ਼ਲਾਂ ਦੋਵੇਂ ਸ਼ਾਮਲ ਹਨ। ਉਂਜ ਪ੍ਰਗੀਤਕਤਾ ਉਸਦੇ ਬਹੁਤੇ ਕਾਵਿ ਵਿਚ ਰਮੀ ਹੋਈ ਹੈ। ਉਸ 'ਚੋਂ ਉਸ ਦੀ ਕਾਵਿ-ਭਾਸ਼ਾ ਤੇ ਕਾਵਿ-ਸੌਂਦਰਯ ਬਣਦੇ ਹਨ। ਉਸ ਦਾ ਗੀਤ-ਕਾਵਿ ਵੀ ਲੋਕਯਾਨਿਕ ਸ਼ੈਲੀ, ਪਰੰਪਰਾ ਨਾਲ ਜੁੜੇ ਇਸ਼ਕ ਦੇ ਚਿਹਨਾਂ ਅਤੇ ਉਸੇ ਫ਼ਕੀਰੀ ਦੇ ਅੰਦਾਜ਼ 'ਚੋਂ ਉਦੈ ਹੁੰਦਾ ਹੈ :

ਲੰਮੇ ਪੈਂਡੇ ਮੰਜ਼ਿਲ ਬਾਝੋਂ
ਤੁਰ ਤੁਰ ਆਖ਼ਰ ਹਾਰੇ
ਨਾ ਕਿਸੇ ਹੀਰ ਨੇ ਇੱਟਾਂ ਢੋਈਆਂ
ਨਾ ਰਾਂਝੇ ਨੇ ਗਾਰੇ
ਕੀਹਨੇ ਸੀ ਫਿਰ ਪਾ ਕੇ ਦੇਣੇ
ਇਸ਼ਕੇ ਤਾਈਂ ਚੁਬਾਰੇ

ਇਸ ਬਣਦੇ ਕਾਵਿ-ਪੈਰਾਡਾਈਮ ਵਿਚ ਹੀ ਉਹ 'ਕਾਵਿ-ਖ਼ਿਆਲਾਂ' ਤਕ ਪਹੁੰਚਦਾ ਹੈ। ਭਾਵੇਂ ਵਿਸਤ੍ਰਿਤ ਕਵਿਤਾਵਾਂ ਦੇ ਨਾਲ-ਨਾਲ ਹੀ ਉਸਦੀਆਂ ਸੰਜਮ ਵਾਲੀਆਂ ਕਵਿਤਾਵਾਂ ਵੀ ਹਨ, ਪਰ 'ਕਾਵਿ-ਖ਼ਿਆਲ' ਨੂੰ ਉਹ ਕਵਿਤਾ ਦੀ ਵੱਖਰੀ ਵਿਧਾ ਬਣਾ ਲੈਂਦਾ ਹੈ ਤੇ ਇਸ ਵਿਧਾ ਨੂੰ ਪੁਸਤਕ ਦੇ ਅੰਤ 'ਤੇ ਵੱਖਰੇ ਤੌਰ 'ਤੇ ਅੰਕਿਤ ਕਰਦਾ ਹੈ। 'ਕਾਵਿ-ਖ਼ਿਆਲ' ਸ਼ਬਦ ਤੋਂ ਹੀ ਸਪੱਸ਼ਟ ਹੈ ਕਿ ਹਰ ਟੁਕੜੀ ਵਿਚ ਇਕ ਖ਼ਿਆਲ ਨੂੰ ਪੇਸ਼ ਕੀਤਾ ਗਿਆ ਹੈ। ਇਹ 'ਖ਼ਿਆਲ' ਇਕ ਸ਼ਿਅਰ ਵਾਂਗ ਰੂਪ ਧਾਰਦਾ ਹੈ। ਪਰ ਕੇਂਦਰ ਵਿਚ ਇਕ ਖ਼ਿਆਲ ਹੈ। ਜਿਸ ਨੂੰ ਸੁੰਦਰ ਕਾਵਿ-ਭਾਸ਼ਾ ਤੇ ਸੰਪੂਰਨ ਤੌਰ 'ਤੇ ਕਾਵਿਕ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ। ਇਸ ਲਈ ਇਥੇ 'ਖ਼ਿਆਲ', ਕਾਵਿ-ਸੌਦਰਯ, ਉਦਾਤ-ਪ੍ਰਗਟਾ ਇਕੋ ਸਮੇਂ ਹੀ ਸਾਹਮਣੇ ਆਉਂਦੇ ਹਨ :

1. ਸ਼ਹਿਰ ਮੇਰੇ ਦੀਆਂ ਪਾਗਲ ਕੰਧਾਂ
ਰਲਕੇ ਪਾਵਣ ਰੌਲਾ
ਆਵੋ ਨੀ ਗਲ ਲੱਗ ਕੇ ਅੜੀਓ
ਕਰ ਲਈਏ ਦਿਲ ਹੌਲਾ

2. ਜਿਸਨੇ ਮਾਰੇ ਯੁੱਧ ਵਿਚ
ਸਭ ਤੋਂ ਵੱਧ ਇਨਸਾਨ
ਉਹਦੀ ਛਾਤੀ ਚਮਕਣ ਲੱਗਾ
ਪਰਮਵੀਰ ਸਨਮਾਨ

ਇਹ ਵਿਧਾ ਇਕੋ ਸਰੂਪ ਦੀ ਨਹੀਂ, ਇਸ ਵਿਚ ਭਿੰਨਤਾ ਹੈ। ਕਿਤੇ ਅੰਦਾਜ਼ ਨਿਰੋਲ

ਪ੍ਰਗੀਤਕ ਹੈ ਤੇ ਕਿਤੇ ਵਧੇਰੇ ਕਟਾਖ਼ਸ਼ੀ-ਕਾਵਿ ਵਾਲਾ, ਪਰ ਖ਼ਿਆਲ ਮੁਕੰਮਲ ਹੈ। ਇਉਂ ਇਹ ਕਾਵਿ-ਵਿਧਾ ਅਤਿ ਸੰਜਮ ਵਾਲੀ ਬਣ ਜਾਂਦੀ ਹੈ। ਪਰ ਕਾਵਿ-ਖ਼ਿਆਲ ਅਤੇ ਗ਼ਜ਼ਲ ਦੇ ਸ਼ਿਅਰ ਵਿਚ ਅੰਤਰ ਦੀ ਉਸਨੂੰ ਸੋਝੀ ਹੈ। ਗ਼ਜ਼ਲਾਂ ਦੇ ਸ਼ਿਅਰਾਂ ਦਾ ਸੌਂਦਰਯ ਉਨ੍ਹਾਂ ਦੀ ਵਕ੍ਰੋਕਤੀ 'ਚੋਂ ਪੈਦਾ ਹੋਇਆ ਹੈ। ਅਜਿਹੇ ਸ਼ਿਅਰਾਂ ਦੀ ਉਦਾਹਰਣ ਲੈ ਕੇ ਇਸ ਗੱਲ ਨੂੰ ਕੁਝ ਵਿਸਥਾਰ ਨਾਲ ਸਮਝਿਆ ਜਾ ਸਕਦਾ ਹੈ :

1. ਸੂਰਜ ਦੇ ਨਾਲ ਐਸਾ ਇਕ ਦਿਨ ਰਾਤ ਲੜੀ
   ਆਖ ਰਹੀ ਸੀ ਮੈਂ ਵੀ ਇਕ ਸਵੇਰਾ ਹਾਂ

2. ਉਹ ਜੋ ਝੱਲਾ ਹੋ ਕੇ 'ਕੱਲਾ ਗੱਲਾਂ ਖੰਡਰਾਂ ਨਾਲ ਕਰੇ
   ਇੰਜ ਲੱਗਦਾ ਏ ਪਿਛਲੇ ਜਨਮ 'ਚ ਉਹ ਹੋਵੇਗਾ ਸ਼ਾਹ ਕੋਈ

3. ਜਾਣ ਲੱਗੇ ਪੁਨੂੰ ਨੂੰ ਸੱਸੀ ਕਹਿ ਰਹੀ
   ਫਿਰ ਮਿਲਾਂਗੀ ਮਾਰੂਥਲ ਜੇ ਠਰ ਗਿਆ

ਦੇਵਿੰਦਰ ਸੈਫ਼ੀ ਦੀ ਕਵਿਤਾ ਬਾਰੇ ਦੋ ਗੱਲਾਂ ਵੱਲ ਹੋਰ ਸੰਕੇਤ ਕਰਨਾ ਜ਼ਰੂਰੀ ਹੈ। ਪਹਿਲੀ ਇਹ ਹੈ ਕਿ ਉਸਦੀ ਕਵਿਤਾ ਦਾ ਅੰਦਾਜ਼ ਆਪਣਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਬਹੁਤ ਸਾਰੇ ਕਵੀ ਇਕ ਦੂਜੇ ਵਰਗੇ ਹਨ। ਇਹ ਸੰਕਟ ਹੈ। ਕਵਿਤਾ ਦਾ ਪ੍ਰਭਾਵ ਕਾਇਮ ਕਰਨ ਲਈ ਉਸਦਾ ਨਿਵੇਕਲਾ ਹੋਣਾ ਜ਼ਰੂਰੀ ਹੈ। ਦੂਜਾ ਇਹ ਕਿ ਸੈਫ਼ੀ ਭਾਵੇਂ ਪ੍ਰਗੀਤ ਲਿਖ ਰਿਹਾ ਹੋਵੇ ਤੇ ਭਾਵੇਂ ਬੌਧਿਕ ਨਜ਼ਮ, ਉਸਦੀ ਪਹਿਲੀ ਪ੍ਰਤਿਬੱਧਤਾ ਕਾਵਿ ਨੂੰ ਹੈ। ਇਸ ਲਈ ਉਹ ਕਾਵਿ-ਭਾਸ਼ਾ, ਕਾਵਿ-ਸੌਂਦਰਯ ਵੱਲੋਂ ਚੇਤੰਨ ਰਹਿੰਦਾ ਹੈ। ਉਹ ਮੂਲ ਤੌਰ 'ਤੇ ਕਵੀ ਹੈ, ਉਸਦੀ ਕਵਿਤਾ ਦਾ ਅੰਤਰੀਵ ਜਾਂ ਪ੍ਰਕਿਰਤੀ ਕਾਵਿਕ ਹੈ। ਇਸੇ ਲਈ 'ਦੁਪਹਿਰ ਦਾ ਸਫ਼ਾ' ਦਾ ਸੁਆਗਤ ਹੈ।

-ਡਾ. ਸੁਤਿੰਦਰ ਸਿੰਘ ਨੂਰ



## ਤੌਫ਼ੀਕ

ਜੇ ਸਾਈਂ ਤੌਫ਼ੀਕ ਦੇਵੇਂ ਤਾਂ
ਜੀਵਨ-ਲਿੱਪੀ ਪੜ੍ਹਸਾਂ

ਉਮਰਾ ਦੇ ਹਰਫ਼ਾਂ ਵਿਚ ਕੋਈ
ਅਰਥ-ਮਜੀਠੀ ਭਰਸਾਂ

ਰੌਸ਼ਨ ਕਰਕੇ ਸ਼ਮ੍ਹਾ-ਹਕੀਕੀ
ਮਸਤਕ-ਮਮਟੀ ਧਰਸਾਂ

ਮੂਲ ਪਛਾਣ ਕੇ ਮਨ-ਮੰਦਰ ਦਾ
ਜਿੰਦ ਨੂੰ ਸੁੱਚੀ ਕਰਸਾਂ

ਜਾ ਕੇ ਫਿਰ ਕਿਸੇ ਮਾਰੂਥਲ 'ਤੇ
ਮੇਘਲਿਆ ਵਤ ਵਰ੍ਹਸਾਂ

ਢੂੰਡ-ਢੂੰਡੇਦਿਆਂ ਰਾਹ ਵਿੱਚੇ ਹੀ
ਅੱਧ-ਵਿਚਾਲੇ ਮਰਸਾਂ

## ਮੇਰੀ ਕਵਿਤਾ

ਮੈਂ ਅਗਨੀ ਦਾ ਅਗਨੀ ਮੇਰੀ, ਸਾਡਾ ਏ ਸਾਥ ਚਿਰੋਕਾ
ਅਗਨੀ ਨੇ ਹੱਥ ਕਲਮ ਫੜਾਈ, ਦੇਣਾ ਪੈ ਗਿਆ ਹੋਕਾ
ਕਵਿਤਾ ਤੇ ਅੱਗ ਜੁੜਵੀਂਆਂ ਭੈਣਾਂ, ਅਜ਼ਲੋਂ ਸਾਂਝ ਪਕੇਰੀ
ਸ਼ਾਲਾ! ਅੱਗ 'ਤੇ ਪਵੇ ਨਾ ਪਾਣੀ, ਪੈ ਨਾ ਜਾਏ ਸੋਕਾ।



## ਮੇਰਾ ਧਰਮ, ਮੇਰੀ ਜਾਤ

ਕੀ ਪੁੱਛਦੇ ਮੈਥੋਂ ਦੇਸ਼ ਧਰਮ, ਤੇ ਕੀ ਪੁੱਛਦੇ ਓ ਜਾਤ ਮੇਰੀ
ਅੰਬਰ ਧਰਤੀ ਅਗਨੀ ਪਾਣੀ, ਪੌਣਾਂ ਪਾਉਂਦੀਆਂ ਬਾਤ ਮੇਰੀ
ਪੰਜੇ ਤੱਤ ਪੰਜ ਧਰਮ ਨਿਭਾਵਣ, ਸਾਈਂ ਵੱਲੋਂ ਦਾਤ ਮਿਲੀ
ਕੀ ਦੱਸਾਂ ਮੈਂ ਕੌਣ ਤੇ ਕਿੱਥੋਂ! ਸੈਫ਼ੀ ਕੀ ਔਕਾਤ ਮੇਰੀ!

## ਸ਼ੇਖ਼ ਫ਼ਰੀਦ ਦੀ ਦਰਗਾਹ ’ਤੇ

ਜਦ ਖੱਟਣ ਕਾ ਵੇਲ ਸੀ ਅਸਾਂ ਕੁਝ ਨਾ ਖੱਟਿਆ
ਉਧੜੀ ਗਏ ਗਲੋਟੜੇ ਧਾਗਾ ਨਾ ਵੱਟਿਆ

ਛੱਪੜ ਕੰਢੇ ਬੈਠਿਆਂ ਨੂੰ ਮੱਤ ਕੀ ਆਉਂਦੀ
ਜਿੰਦ-ਨਿਮਾਣੀ ਕਿਸ ਤਰ੍ਹਾਂ ਸਰਵਰ ਵਿਚ ਨ੍ਹਾਉਂਦੀ

ਉਮਰਾ ਦੀ ਸਰਜ਼ਮੀਂ ’ਤੇ ਅਸੀਂ ਕਿੱਕਰਾਂ ਲਾਈਆਂ
ਦਾਖਾਂ ਵਰਗੀ ਰੂਹ ਦੇ ਗਲ਼ ਫਾਹੀਆਂ ਪਾਈਆਂ

ਸਭ ਕੁਝ ਤੈਥੋਂ ਮੰਗਿਆ ਬੰਦਗੀ ਨਾ ਮੰਗੀ
ਸ਼ੋਹਰਤ ਦੀ ਸਲੀਬ ’ਤੇ ਇਹ ਉਮਰਾ ਟੰਗੀ

ਕੋਠੇ ਉੱਚੇ ਕਰਦਿਆਂ ਸਾਡੇ ਦਿਨ ਬੀਤੇ
ਪੱਥਰ ਚਿਣਦਿਆਂ ਕੂੜ ਦੇ ਕਈ ਸੌਦੇ ਕੀਤੇ

ਵਿਸ਼-ਗੰਦਲਾਂ ਦੇ ਖਾਣ ਨੂੰ ਜਦ ਮਨ ਲਲਚਾਇਆ
ਆ ਤੇਰੀ ਦਰਗਾਹ ’ਤੇ ਕੁਝ ਧਨ ਚੜ੍ਹਾਇਆ

ਦਿਲਾਂ ’ਚ ਖਾਤੇ ਖੋਲ੍ਹ ਕੇ ਕਈ ਵਹੀਆਂ ਲਾਈਆਂ
ਪੱਲੇ ਸਾਡੇ ਰਹਿ ਗਈਆਂ ਬਸ ਬੇਵਿਸਾਹੀਆਂ

ਗਲੀਏ ਚਿੱਕੜ ਵੇਖ ਕੇ ਅਸੀਂ ਚਿੱਤ ਡੁਲਾਇਆ
ਰਹੇ ਬਚਾਉਂਦੇ ਕੰਬਲੀ ਜੋਬਨ ਕੁਮਲਾਇਆ



ਸੀਨੇ ਉੱਤੇ ਧਰ ਲਈਆਂ ਲੋਭਾਂ ਦੀਆਂ ਪੰਡਾਂ
ਪਿਆਰ-ਡੋਰ ਵਿਚ ਪਾ ਲਈਆਂ ਕਈ ਕੱਚੀਆਂ ਗੰਢਾਂ

ਨਾ ਵਸਲਾਂ ਨਾ ਬਿਰਹੜਾ ਸਾਡੇ ਹਿੱਸੇ ਆਇਆ
ਕੱਪੜਿਆਂ ਤਕ ਰਹਿ ਗਿਆ ਏ ਪ੍ਰੇਮ ਪਰਾਇਆ

ਜਦੋਂ ਕਥੂਰੀ ਵੰਡੀ ਤਾਂ ਅਸੀਂ ਰਹਿ ਗਏ ਸੁੱਤੇ
ਫਿਰ ਮੱਥੇ ਰਗੜਨ ਲੱਗ ਪਏ ਜਾ ਪੱਥਰਾਂ ਉੱਤੇ

ਨਿੱਤ ਦਿਹਾੜੇ ਚੂੰਡਿਆ ਸਾਨੂੰ ਅੰਦਰੋਂ ਕਾਗਾਂ
ਅਸੀਂ ਰਹਿਗੇ ਮੱਥੇ ਟੇਕਦੇ ਨਾ ਆਈਆਂ ਜਾਗਾਂ

ਬੁਰਾ ਚਿਤਵਦਿਆਂ ਕਿੰਨ੍ਹੇ ਹੀ ਅਸਾਂ ਰੋਗ ਸਹੇੜੇ
ਦੇਹੀ ਅੰਦਰ ਪਾ ਲਏ ਦੋਜ਼ਖ਼ ਜੇਹੇ ਝੇੜੇ

ਵਹਿਣ ਰਿਹਾ ਮੂੰਹਜ਼ੋਰ ਸਦਾ ਹੀ ਕੰਧੀ ਢਾਹੀ
ਗਲ ਆਪਣੇ ਵਿੱਚ ਪਾ ਲਈ ਲੇਖੇ ਦੀ ਫਾਹੀ

ਟੋਏ ਟਿੱਬੇ ਮਨਾਂ ਦੇ ਫਿਰ ਇਉਂ ਚਮਕਾਏ
ਪਿੱਛੇ ਲੱਗ ਛਲਾਵਿਆਂ ਤੇਰੇ ਮੇਲੇ ਲਾਏ

ਦਿਲ ਦਾ ਅੰਧ ਛੁਪਾਉਣ ਲਈ ਅਸੀਂ ਭੇਸ ਵਟਾਇਆ
ਤੰਬੂ ਤਣਕੇ ਕੂੜ ਦੇ ਸੂਫ਼ੀ ਸਦਵਾਇਆ

ਦੋ ਗੱਲਾਂ ਰਟ ਤੇਰੀਆਂ ਗਿਆਨੀ ਬਣ ਬਹਿ ਗਏ
ਮੋਤੀ ਚੁਗਣ ਨਾ ਜਾਣੀਏਂ ਬਗਲੇ ਹੀ ਰਹਿ ਗਏ

ਰੁੱਖੀ ਰੋਟੀ ਕਾਠ ਦੀ ਨਿੱਤ ਕਥਾ ਸੁਣਾਈਏ
ਆਸ ਵਿਡਾਣੀ ਆਸਰੇ ਖ਼ੁਦ ਚੋਪੜ ਖਾਈਏ

ਵਿਦਵਾਨ ਸਦਾਵਣ ਵਾਸਤੇ ਇਹ ਜੁਗਤ ਬਣਾਈ
ਸਰਲ ਸਲੋਕਾਂ ਤੇਰਿਆਂ ਵਿਚ ਉਲਝਣ ਪਾਈ

ਬਾਰ ਪਰਾਏ ਬੈਠਿਆਂ ਸਾਨੂੰ ਲਾਜ ਨਾ ਆਈ
ਨਾਮ ਸਾਈਂ ਦਾ ਵੇਚ ਕੇ ਅਸੀਂ ਕਰੀ ਕਮਾਈ

ਹੱਥ ਅਸਾਂ ਨੇ ਦੱਬ ਲਏ ਸਿੱਕਿਆਂ ਦੇ ਥੱਲੇ
'ਖ਼ੈਰ-ਬੰਦਗ਼ੀ' ਲਫ਼ਜ਼ ਹੀ ਬਸ ਰਹਿ ਗਿਆ ਪੱਲੇ

ਹਰ ਥਾਂ ਮਨਹੁ ਮਚਿੰਦੜੀਆਂ ਦੇ ਜਾਲ ਵਿਛਾ ਲਏ
ਧੁਰ ਅੰਦਰ ਤੱਕ ਦੂਨੀ ਦੇ ਅੰਗਿਆਰ ਟਿਕਾ ਲਏ

ਵਾਰ ਵਾਰ ਹੱਥ ਸਾੜ ਕੇ ਵੀ ਸਮਝ ਨਾ ਆਈ
ਚੁਗਦੇ ਰਹੇ ਕਸੁੰਭੜਾ ਇੰਝ ਉਮਰ ਵਿਹਾਈ



ਜ਼ਹਿਰੋ ਜ਼ਹਿਰੀ ਹੁੰਦਿਆਂ ਸ਼ੱਕਰ ਵਿਸ਼ ਕਰ ਲਈ
ਭਰ ਕੇ ਪੰਡ ਉਲਾਹਮਿਆਂ ਦੀ ਸਿਰ 'ਤੇ ਧਰ ਲਈ

ਜਿੰਦ ਦੁਆਲੇ ਬੁਣਤੀਆਂ ਖ਼ਾਹਿਸ਼ਾਂ ਦੀਆਂ ਕੜੀਆਂ
ਅੱਗਾ ਨੇੜੇ ਵੇਖਿਆ ਤਾਂ ਤਸਬੀਆਂ ਫੜ੍ਹੀਆਂ

ਰੱਤੇ ਰੰਗ ਮਜੀਠ ਸਿਉਂ ਦਿਲ ਰੰਗ ਨਾ ਹੋਇਆ
ਰਹਿ ਗਈ ਰੂਹ ਦੁਹਾਗਣੀ ਪਿਰ ਸੰਗ ਨਾ ਹੋਇਆ

ਉੱਛਲਿਆ ਜਦ ਸਰਵਰ ਤਾਂ ਫਿਰ ਗੋਤੇ ਖਾਧੇ
ਕੰਬਣ ਲੱਗੀ ਦੇਹ ਤਾਂ ਕਈ ਦੇਵ ਅਰਾਧੇ

ਮਲਕ ਸਿਰ੍ਹਾਣੇ ਬਹਿ ਗਿਆ ਜਿੰਦ ਹੋਈ ਨਾ ਵਿਹਲੀ
ਫਿਰ ਚੇਤੇ ਕਰਕੇ ਰੋ ਪਈ ਉਹ ਉਮਰਾ ਪਹਿਲੀ

ਵੇਖਿਆ ਜਦ ਗਿਰੀਵਾਨ ਮਹਿ ਵਿਚ ਲੇਖ ਸੀ ਕਾਲੇ
ਛਿਜ ਗਈ ਸਾਰੀ ਪੋਟਲੀ ਨਾ ਹੋਏ ਉਜਾਲੇ

ਬੁਝ ਗਿਆ ਸੈਫ਼ੀ ਦੀਵੜਾ ਤੇ ਵਿਝੜਿਆ ਮੇਲਾ
ਬੇੜਾ ਬੰਧ ਨਾ ਸਕਿਆ ਬੰਧਨ ਕੀ ਵੇਲਾ।

## ਮੰਥਨ

ਬਹੁਤ ਉਸਾਰ ਲਈਆਂ ਨੇ ਦੀਵਾਰਾਂ
ਬਹੁਤ ਕਰ ਲਏ ਨੇ ਤੰਗ ਦਾਇਰੇ
ਬਹੁਤ ਬਣਾ ਲਏ ਨੇ ਆਪਣੇ ਆਪਣੇ ਪਿੰਜਰੇ

ਆਓ ਅੱਜ ਕੋਸ਼ਿਸ਼ ਕਰੀਏ,
ਪੱਕੀਆਂ ਦੀਵਾਰਾਂ ਗਿਰਾਉਣ ਦੀ
ਦਾਇਰਿਆਂ 'ਚੋਂ ਬਾਹਰ ਨਿਕਲ ਜਾਣ ਦੀ
ਤੇ ਪਿੰਜਰਿਆਂ ਨੂੰ ਤੋੜਨ ਦੀ

ਅੱਜ ਮੱਕੇ ਤੋਂ ਅਯੁੱਧਿਆ ਤਕ ਦਾ ਸਫ਼ਰ ਕਰਕੇ
ਰਾਮ ਦੇ ਘਰ ਵਿਚ ਕੁਰਾਨ ਦਾ ਸਵਾਗਤ ਹੋ ਜਾਣ ਦਿਓ
ਤੇ ਅਯੁੱਧਿਆ ਤੋਂ ਮੱਕੇ ਤਕ ਪਹੁੰਚ ਕੇ
ਮੁਹੰਮਦ ਦੇ ਘਰ ਵਿਚ
ਰਾਮਾਇਣ ਨੂੰ ਪਰਵੇਸ਼ ਕਰ ਜਾਣ ਦਿਓ

ਹੁਣ ਈਸਾ ਦੀ ਸੂਲੀ ਨੂੰ ਵੀ ਲੈ ਆਓ
ਕਰਮ-ਮੁਕਤ ਮਹਾਂਵੀਰ ਤਕ
ਤਾਂ ਜੋ ਇਹ ਸੂਲੀ ਵੀ ਬਣ ਜਾਏ ਫੁੱਲਾਂ ਦੀ ਸੇਜ
ਤੇ ਈਸਾ ਨੂੰ
ਬਸਤਰ ਉਤਾਰ ਕੇ ਨੰਗੇ ਪੈਰੀਂ ਚੱਲਣ ਦਿਓ

ਜ਼ਰਥੁਸਟ ਨੂੰ ਕਰ ਦਿਉ ਮੁਕਤ
ਨੀਤਸ਼ੇ ਦੇ ਗੁੰਝਲਦਾਰ ਸ਼ਬਦਾਂ ਤੋਂ
ਉਸ ਨੂੰ ਵੀ ਧੰਨੇ ਜੱਟ ਦਾ
ਸਿੱਧਾ ਜਿਹਾ ਆਰਤਾ ਗਾਉਣ ਦਿਓ



ਤੇ ਧੰਨੇ ਨੂੰ ਕੁਝ ਦੇਰ
ਨੀਤਸ਼ੇ ਦੇ ਹਵਾਲੇ ਹੋ ਜਾਣ ਦਿਓ

ਹੁਣ ਚਾਰਵਾਕ ਦੇ ਮਣਕਿਆਂ ਨੂੰ ਵੀ
ਪਰੋ ਦਿਓ ਵੇਦਾਂ ਦੀ ਮਾਲਾ ਵਿਚ
ਤੇ ਵੇਦਾਂ ਦੀ ਮਾਲਾ ਨੂੰ
ਚਾਰਵਾਕ ਦੀ ਕਸਵੱਟੀ 'ਤੇ ਚੜ੍ਹ ਜਾਣ ਦਿਓ

ਕਦੇ ਲਾਉਤਸੇ ਨੂੰ ਵੀ ਚੱਲਣ ਦਿਓ
ਕਨਫਿਊਸ਼ਿਸ ਦੇ ਅਨੁਸ਼ਾਸਨ ਵਿਚ
ਤੇ ਕਨਫਿਊਸ਼ਿਸ ਨੂੰ ਲਾਉਤਸੇ ਦੇ
ਖੁੱਲ੍ਹੇ ਅਕਾਸ਼ ਵਿਚ ਉਡਾਰੀਆਂ ਲ੍ਹਾਉਣ ਦਿਓ

ਹੁਣ ਗੋਰਖ਼ ਨੂੰ ਵੀ ਲੈ ਆਓ
ਬਿੰਦ੍ਰਾਬਨ ਦੀਆਂ ਗੋਪੀਆਂ ਵਿਚਕਾਰ
ਤੇ ਨਾਥ-ਬਾਣੀ ਵਿਚਲੀ
'ਬਾਘਣ' ਵਾਲੀ ਧਾਰਨਾ ਦਾ
ਰਾਸਲੀਲ੍ਹਾ ਸੰਗ ਟਾਕਰਾ ਹੋ ਜਾਣ ਦਿਓ

ਜ਼ਰਾ ਮਾਓ ਨੂੰ ਵੀ ਚੱਖਣ ਦਿਓ
ਅਹਿੰਸਾ ਦਾ ਸੁਆਦ
ਤੇ ਗਾਂਧੀ ਨੂੰ ਲੈਨਿਨ ਦੇ ਨੇੜੇ ਹੋ ਕੇ
ਕ੍ਰਾਂਤੀ ਬਾਰੇ ਕੁਝ ਸੋਚਣ ਦਿਓ

ਹੁਣ
ਵਿਗਿਆਨ ਨੂੰ ਵੀ ਲੱਭ ਲੈਣ ਦਿਓ
ਮੁੱਦਤਾਂ ਦੀ ਗਵਾਚੀ ਆਤਮਾ, ਤੇ ਆਤਮਾ ਨੂੰ

ਆਈਨਸਟਾਈਨ ਦੀ ਪ੍ਰਯੋਗਸ਼ਾਲਾ ਵਿਚ ਜਾ ਕੇ
ਸਾਪੇਖਤਾ ਤੇ ਪ੍ਰਮਾਣੂਆਂ ਨਾਲ ਜਾਣ-ਪਛਾਣ ਕਰ ਲੈਣ ਦਿਓ

ਹੁਣ ਔਰੰਗਜ਼ੇਬ ਨੂੰ ਵੀ ਕਰ ਦਿਓ ਤਾਨਸੇਨ ਦੇ ਸਪੁਰਦ
ਤੇ ਵੀਣਾ ਨੂੰ ਉਸਦੀ ਸੁੰਨੀ ਦੀਵਾਰ ਹੇਠ ਦੱਬਿਆ
ਸੰਗੀਤ ਬਾਹਰ ਲਿਆਉਣ ਦਿਓ

ਅੱਜ ਮਨੂ ਦੇ ਆਸ-ਪਾਸ ਵੀ ਗੂੰਜਣ ਦਿਓ
ਮਰਦਾਨੇ ਦੀ ਰਬਾਬ
ਤੇ ਚਹੁੰ ਵਰਣਾਂ ਦੀ ਸਾਂਝੀ ਬਾਣੀ ਨੂੰ
ਉਹਦੀ ਵਰਣ-ਵੰਡ ਮਿਟਾਉਣ ਦਿਓ

ਖੋਲ੍ਹ ਦਿਓ ਆਪਣੇ ਹਿਰਦੇ ਦੇ ਦਰਵਾਜ਼ੇ
ਇਸ ਵਿਚ ਇਕ ਦੀ ਬਜਾਏ
ਅਸੰਖ ਨੂੰ ਪਰਵੇਸ਼ ਕਰ ਜਾਣ ਦਿਓ
ਤੇ ਅਸੰਖ ਨੂੰ ਅਸੰਖ ਨਾਲ ਮਿਲ ਕੇ
ਉਮਰਖ਼ਯਾਮ ਦਾ ਜਾਮ ਛਲਕਾਉਣ ਦਿਓ

ਤੇ ਫਿਰ
ਮੀਰਾ, ਵਾਰਿਸ ਤੇ ਬੁੱਲ੍ਹੇ ਨਾਲ ਰਲ ਕੇ
ਬੇਪਰਵਾਹੀ ਭਰੀ ਇਸ਼ਕੀਆ ਸੁਰ ਅਲਾਪਣ ਦਿਓ

ਨਾ ਰਹਿਣ ਦੀਵਾਰਾਂ, ਨਾ ਦਾਇਰੇ, ਨਾ ਪਿੰਜਰੇ
ਨਾ ਇਹਨਾਂ ਨੂੰ ਬਣਵਾਉਣ ਵਾਲੇ ਠੇਕੇਦਾਰ
ਇਹੋ ਜਿਹਾ ਝੱਖੜ ਇਕ ਵਾਰ ਝੁੱਲ ਜਾਣ ਦਿਓ
ਤਾਂ ਜੋ ਵੇਖ ਲਈਏ
ਹੱਦਾਂ ਤੋਂ ਬਿਨਾਂ ਧਰਤੀ ਤੇ ਅਖੰਡ ਆਦਮੀ।



## ਸ਼ਰਧਾ ਅੰਦਰ ਲਿਪਟੇ ਬੇਦਾਵੇ

ਐ ਪਾਤਸ਼ਾਹ! ਐ ਸ਼ਹਿਨਸ਼ਾਹ! ਐ ਤਾਜਦਾਰ! ਐ ਰਾਜ਼ਦਾਰ!
ਅੱਜ ਅਸਾਂ ਦਾ ਖ਼ੂਨ ਵੇਖਲਾ ਠਰਦਾ ਠਰਦਾ ਠਰ ਗਿਆ
ਸ਼ੇਰ ਅਸਾਡੇ ਅੰਦਰ ਵਾਲਾ ਮਰਦਾ ਮਰਦਾ ਮਰ ਗਿਆ
ਕਲਮ ਵਾਲੀ ਨੋਕ ਤੀਕਰ ਕੋਈ ਘੁਣ ਦਾ ਕੀੜਾ ਚੜ੍ਹ ਗਿਆ

ਬੜੀ ਦੇਰ ਹੋ ਗਈ
ਇਕੱਠੇ ਬੈਠਿਆਂ ਨੂੰ, ਦਿਲ ਸਾਂਝੇ ਕੀਤਿਆਂ ਨੂੰ
ਤੇਰੀ ਰਹਿਮਤ ਦੇ ਬਾਟੇ ਪੀਤਿਆਂ ਨੂੰ

ਅਸੀਂ ਭਰਮਾਂ ਦੇ ਮੇਲਿਆਂ 'ਚ ਬਾਲਾਂ ਵਾਗੂੰ ਰੁਲ ਗਏ
ਤੇਰੀ ਪ੍ਰੀਖਿਆ ਦੀ ਲਲਕਾਰ ਭੁੱਲ ਗਏ
ਸੰਕਲਪ ਸਾਡੇ ਕੱਚੀਆਂ ਗੰਢਾਂ ਦੇ ਵਾਗੂੰ ਖੁੱਲ੍ਹ ਗਏ

ਤੇਰੇ ਸ਼ਬਦ ਯਾਦ ਨੇ, ਤਸਵੀਰਾਂ ਆਬਾਦ ਨੇ
ਬਸਤਰ ਤੇਰੇ ਸਾਂਭ ਰੱਖੇ
ਸਾਖੀਆਂ ਵੀ ਯਾਦ ਨੇ

ਹਾਇ ਪਰ!
ਸ਼ਬਦਾਂ ਦੇ ਅਰਥ, ਅਰਥਾਂ 'ਤੇ ਅਮਲ
ਅਮਲਾਂ 'ਤੇ ਪਹਿਰਾ, ਕੌਣ ਦੇਵੇ?
ਤੇਰੀ ਤਸਵੀਰ, ਤਸਵੀਰ ਅੱਗੇ ਕੁਝ ਸਿੱਕੇ
ਅਗਰਬੱਤੀ ਤੇ ਮੰਗਾਂ ਦੇ ਢੇਰ
ਏਦੂੰ ਅੱਗੇ ਕਿਵੇਂ ਵਧੀਏ?

ਤੇਰੇ ਬਸਤਰਾਂ ਨੂੰ, ਕਟਾਰ ਨੂੰ, ਖੰਡੇ ਨੂੰ, ਨਮਸਕਾਰ
ਇਹਨਾਂ ਨਾਲ ਜੁੜੀ ਸਾਖੀ ਸੁਣ ਕੇ ਝੂਮਣਾ

ਕੁਝ ਦੇਰ ਵਾਹ! ਵਾਹ!! ਬੱਲੇ! ਬੱਲੇ!!
ਹੋਰ ਕੀ ਹੈ ਸਾਡੇ ਪੱਲੇ?
ਅੱਜ ਅਸਾਡੀ ਜੀਭ ’ਤੇ ਬੁਜ਼ਦਿਲੀ ਦਾ ਤੇਜ਼ਾਬ ਛਾਲੇ ਕਰ ਗਿਆ
ਤਾਂ ਹੀ ਖ਼ੂਨ ਅਸਾਂ ਦਾ ਅੱਜ ਠਰਦਾ ਠਰਦਾ ਠਰ ਗਿਆ

ਪਾਤਸ਼ਾਹ!
ਤੇਰੇ ਅਦੁੱਤੀ ਅੰਮ੍ਰਿਤ ਨੇ ਇਕ ਸ਼ੇਰ ਜਗਾਇਆ ਸੀ
ਇਸ ਸ਼ੇਰ ਨੇ ਵੱਖਰਾ ਹੀ ਰਾਜ-ਜੋਗ ਕਮਾਇਆ ਸੀ
ਆਪਣੇ ਆਪ ਨੂੰ ਦੋ ਜਹਾਨਾਂ ਦਾ ਵਾਲੀ ਬਣਾਇਆ ਸੀ
ਤੁਸਾਂ ਪ੍ਰੇਮ ਦੇ ਫੁੱਲਾਂ ਨੂੰ ਬੇਸ਼ਰਤ ਵਰਸਾਇਆ ਸੀ
‘ਮਾਨਸ ਕੀ ਜਾਤ ਏਕੋ’ ਵਾਰ ਵਾਰ ਫ਼ੁਰਮਾਇਆ ਸੀ
ਪੰਜ ਨਦੀਆਂ ਨੂੰ ਇਕ ਸਾਗਰ ਵਿਚ ਮਿਲਾਇਆ ਸੀ
ਯਾਰੜੇ ਦੇ ਸੱਥਰ ਨੂੰ ਗਲ ਨਾਲ ਲਾਇਆ ਸੀ

ਏਧਰ ਅਸੀਂ!
ਪਿਆਰ ਨੂੰ ਕੱਪੜਿਆਂ ’ਤੇ ਅਟਕਾਇਆ ਹੈ
ਨੀਂਵੀਂਆਂ ਤੇ ਉੱਚੀਆਂ ਖੂੰਟੀਆਂ ’ਤੇ
ਅੱਡ ਅੱਡ ਲਟਕਾਇਆ ਹੈ
ਸਾਗਰ ਦੇ ਪਾਣੀ ਨੂੰ ਨਦੀਆਂ ਬਣਾਇਆ ਹੈ
ਖੇੜਿਆਂ ਦੇ ਮਹਿਲਾਂ ਨੂੰ ਤਰਸਦਿਆਂ ਜੀਵਨ ਗੁਆਇਆ ਹੈ
ਪੋਰਸ ਜਿਹੇ ਸਵੈਮਾਨ ਸਾਡੇ ’ਤੇ ਕੋਈ ਨਾਗ ਸਿਕੰਦਰ ਲੜ ਗਿਆ
ਤਾਂ ਹੀ ਖ਼ੂਨ ਅਸਾਂ ਦਾ, ਪਾਤਸ਼ਾਹ! ਅੱਜ ਠਰਦਾ ਠਰਦਾ ਠਰ ਗਿਆ

ਉਹ ਲਫ਼ਜ਼ ਜੋ ਜ਼ਫ਼ਰਨਾਮੇ ਬਣਨੇ ਸਨ
ਖ਼ੁਸ਼ਾਮਦੀਆਂ ਨੇ ਖਾ ਲਏ
ਔਰੰਗਜ਼ੇਬ ਇਸ ਸਮੇਂ ਦੇ ਐਸਾ ਚੋਗਾ ਪਾ ਗਏ
ਅਜ਼ਾਦੀ ਦੇ ਪੈਗ਼ਾਮ ਤੋਂ ਸਾਡੇ ਕਬੂਤਰ ਵੀ ਘਬਰਾ ਗਏ
ਚਿੜੀਆਂ ਤੋਂ ਬਾਜ ਬਣਾਉਣ ਵਾਲਾ ਪ੍ਰਸ਼ਾਦ ਵੀ ਹੁਣ ਤਾਂ



ਅਸੀਂ ਇਕ ਰਸਮ ਸਮਝ ਕੇ ਖਾ ਗਏ
ਤਾਂ ਹੀ ਦਿਲ ਦਾ ਬਾਜ ਉੱਚੀਆਂ ਉਡਾਰੀਆਂ ਤੋਂ ਡਰ ਗਿਆ
ਐ ਪਾਤਸ਼ਾਹ! ਅੱਜ ਖ਼ੂਨ ਅਸਾਂ ਦਾ ਠਰਦਾ ਠਰਦਾ ਠਰ ਗਿਆ

ਖ਼ੁਦਗ਼ਰਜ਼ੀਆਂ, ਚਾਲਬਾਜ਼ੀਆਂ ਨੇ ਇਹ ਕੇਹੇ ਪਾੜੇ ਪਾ ਦਿੱਤੇ
ਤੇਰੇ ਅਦਬੀ-ਅਕਾਸ਼ ਦੇ ਸਭ ਸਿਤਾਰੇ
ਤਹਿਖ਼ਾਨਿਆਂ ਵਿਚ ਸਜਾ ਦਿੱਤੇ
ਸਾਰੇ ਮਸੰਦ ਤੇਰੀ ਯਾਦ ਵਿਚ ਬਣੇ ਥਾਂਵਾਂ ਦੇ
ਮਾਲਕ ਬਣਾ ਦਿੱਤੇ
ਇਹ ਕੇਹਾ ਸਮੇਂ ਦਾ ਝੱਖੜ ਹੈ
ਜੋ ਗ਼ੁਲਾਬ ਤੇਰੇ ਨੂੰ ਪੱਤੀ ਪੱਤੀ ਕਰ ਗਿਆ

ਪਰਮ-ਪਾਤਸ਼ਾਹ!
ਅਜੇ ਤਕ ਤਾਂ ਅਸੀਂ ਤੇਰੀ ਕਿਰਪਾਨ ਦੀ ਵਰਤੋਂ
ਤੇਰੇ ਪਿਆਰੇ ਸਿੱਖ ਨੰਦ ਲਾਲ ਨੂੰ ਨੰਦ ਸਿੰਘ ਬਣਾਉਣ ਲਈ ਹੀ ਕੀਤੀ ਹੈ
ਆਪਣੇ ਚਿੱਟੀਆਂ ਪੱਗਾਂ ਵਾਲੇ ਸਿਰ ਤੇ ਮਖ਼ਮਲੀ ਹੱਥ
ਤੇਰੇ ਅੱਗੇ ਧਰਦਿਆਂ ਸਾਡੀ ਉਮਰਾ ਬੀਤੀ ਹੈ
ਤੇਰੇ ਤਖ਼ਤਾਂ ’ਤੇ ਲੱਗੀ ਚੜ੍ਹਾਵਿਆਂ ਦੀ ਢੇਰੀ ਕਿਧਰੇ ਲੁਕ ਛਿਪ ਕੇ
ਤੇ ਕਿਧਰੇ ਸਭ ਦੇ ਸਾਹਮਣੇ
ਅਸੀਂ ਆਪਣੀ ਬੇਗ਼ੈਰਤ ਵਿਚ ਘੋਲ ਕੇ ਪੀਤੀ ਹੈ

ਅਜੇ ਨਾ ਤਾਂ ਸਾਡੇ ਪਾਸ ਤੇਰੇ ਰੰਘਰੇਟੇ ਬੇਟਿਆਂ ਦੀ
ਪਾਟੀ ਚਾਦਰ ਸਿਉਣ ਦੀ ਵਿਹਲ ਹੈ
ਤੇ ਨਾ ਹੀ ਆਪਣੇ ਮਨਾਂ ਅੰਦਰਲੇ ਬੇਦਾਵਿਆਂ ਨੂੰ
ਤੇਰੇ ਪ੍ਰੇਮ ਦੀ ਅੱਗ ਵਿਚ ਸਾੜਨ ਦੀ ਕਦੇ ਕੋਸ਼ਿਸ਼ ਕੀਤੀ ਹੈ
ਸਾਡੀ ਬਿਖ਼ਰੀ ਚੇਤਨਾ ਦਾ ਹਰ ਟੁਕੜਾ
ਇਕ ਦੂਜੇ ਦਾ ਜ਼ਖ਼ਮ ਡੂੰਘੇਰਾ ਕਰ ਗਿਆ
ਐ ਪਾਤਸ਼ਾਹ! ਅੱਜ ਖ਼ੂਨ ਅਸਾਂ ਦਾ ਠਰਦਾ ਠਰਦਾ ਠਰ ਗਿਆ

## ਓ ਸਤਿਸੰਗ ਕਰਦਿਆ

ਓ ਸਤਿਸੰਗ ਕਰਦਿਆ ਚਿੱਟ-ਕਪੜੀਆ ਭਗਵੇਂ-ਵੇਸੀਆ ਗੁਰੂਆ!
ਬੰਦੂਕਾਂ ਦੀ ਛਾਂ ਹੇਠ ਮਖ਼ਮਲੀ ਗੱਦਿਆਂ 'ਤੇ ਬੈਠ
ਤੂੰ ਜਿਨ੍ਹਾਂ ਗ੍ਰੰਥਾਂ ਦੀ ਜੁਗਾਲੀ ਕਰਦਾਂ ਏਂ

ਉਹ; ਲਾਲੋਆਂ ਖ਼ਾਤਰ, ਭੁੱਖੇ-ਤਿਹਾਏ ਪੈਂਡੇ ਗਾਹੁਣ ਵਾਲੇ
ਹੱਥੀਂ ਹਲ ਵਾਹੁਣ ਵਾਲੇ 'ਬਾਬੇ'
ਮਾਰੂਥਲਾਂ ਵਿਚ ਫਾਕੇ ਕੱਟਣ ਵਾਲੇ, 'ਪੈਗ਼ੰਬਰ'
ਅਤੇ ਕਿੱਲ ਠੁੱਕੇ ਹੱਥਾਂ 'ਚੋ ਵਗਣ ਵਾਲੀ ਰੱਤ ਦੇ
ਅੰਗਾਰਿਆਂ ਵਰਗੇ ਬੋਲ ਹਨ
ਇਹ ਬੋਲ ਤੇਰੇ ਵਧੇ ਹੋਏ ਪੇਟ ਦੇ ਹਜ਼ਮ ਕਿਉਂ ਨਹੀਂ ਆਉਂਦੇ?

ਇਹ ਏ. ਸੀ. ਕਾਰਾਂ, ਇਹ ਬਾੱਡੀਗਾਰਡ
ਵੀ. ਆਈ. ਪੀ. ਅਫ਼ਸਰਾਂ ਤੇ ਮੰਤਰੀਆਂ ਦੇ
ਜ਼ਹਿਰੀਲੇ ਧਨ ਨਾਲ ਭਰੇ
ਤੇਰੇ ਚੋਲਿਆਂ ਦੇ ਖੀਸੇ
ਤੇਰੀ ਆਤਮਾ ਦੇ ਬਿਰਖ 'ਤੇ
ਅਮਰਵੇਲ ਬਣ ਕੇ ਚੜ੍ਹੇ ਹਨ।
ਤੇਰੇ ਖਾਲੀ ਟੋਇਆਂ ਵਰਗੇ ਚੇਲੇ

ਬੜੇ ਦਿਆਨਤਦਾਰ, ਆਗਿਆਕਾਰ ਬਣਕੇ
ਤੇਰਾ ਸਾਰਾ ਕੂੜਾ ਆਪਣੇ ਅੰਦਰ ਸਮੇਟ ਲੈਂਦੇ ਨੇ



ਤੇਰੀਆਂ ਢੋਲਕੀਆਂ ਵਰਗੀਆਂ ਚੇਲੀਆਂ
ਬੜੀਆਂ ਭੋਲੀਆਂ-ਭਾਲੀਆਂ ਤੇ ਸ਼ਰੀਫ਼ ਹਨ
ਜੋ ਤੇਰੇ ਪੈਰਾਂ ਨਾਲ ਵੱਜਦੀਆਂ
ਬੇਸੁਰੀਆਂ ਅਵਾਜ਼ਾਂ ਕੱਢਦੀਆਂ
ਆਪਣੀਆਂ ਚੁੰਨੀਆਂ ਨਾਲ
ਤੇਰੀ ਗਰਦ ਝਾੜਦੀਆਂ ਰਹਿੰਦੀਆਂ

ਤੂੰ ਕਦੇ ਆਪਣੀ ਮਦਹੋਸ਼ੀ ਨੂੰ ਪਾਸੇ ਰੱਖ ਕੇ
ਮਨੋਰੰਜਕ ਟੀ. ਵੀ. ਸਕਰੀਨਾਂ 'ਚੋਂ ਬਾਹਰ ਨਿਕਲ ਕੇ
ਹਰਫ਼ਾਂ ਵਿਚ ਮਹਾਂਸੂਰਜ ਬੰਨ੍ਹੀ ਬੈਠੀ
ਸੱਚ ਦੀ ਤਵਾਰੀਖ਼ ਦਾ ਹੁਸਨ ਤਾਂ ਵੇਖ

ਜਿਨ੍ਹਾਂ ਮਹਿਲਾਂ ਵੱਲ ਤੂੰ ਸਾਰੀ ਉਮਰ ਦੌੜਦਾਂ ਏਂ
ਉਹਨਾਂ ਨੂੰ ਤਿਆਗ ਕੇ ਜਾ ਰਹੇ
ਗੌਤਮ ਦਾ ਮਨ ਤਾਂ ਵੇਖ

ਤੂੰ ਆਪਣੀ ਦੇਹ ਖ਼ਾਤਰ ਕੀਤੇ ਕਬਜ਼ਿਆਂ 'ਚੋ ਨਿਕਲਕੇ
ਸਾਰੇ ਬੰਧਨ ਤੋੜ ਕੇ ਜਾ ਰਹੇ
ਰਾਜੇ ਗੋਪੀਚੰਦ ਦਾ ਤਨ ਤਾਂ ਵੇਖ

ਨਿੱਤ ਬਦਲਦੇ ਹੁਕਮਰਾਨਾਂ ਨਾਲ
ਆਪਣੇ ਮਿੱਟੀ ਦੇ ਢੇਲਿਆਂ ਦੀਆਂ ਵੋਟਾਂ ਦਾ
ਵਪਾਰ ਕਰਨ ਤੋਂ ਪਹਿਲਾਂ

ਗੁਰੂ ਚੇਲੇ ਦੀ ਸਾਕਦਾਰੀ ਵੇਖਣ ਲਈ
ਅਧਿਆਤਮ ਦੇ ਗਗਨਾਂ ਦੀ ਉਡਾਰੀ ਵੇਖਣ ਲਈ
ਅਸ਼ਟਾਵਕਰ ਦੇ ਗਿਆਨ-ਦਰ 'ਤੇ ਚੱਲ ਕੇ ਆਏ
ਰਾਜੇ ਜਨਕ ਦਾ ਸਲਾਮ ਤਾਂ ਵੇਖ

ਕਦੇ ਬਲਦੇ ਹੱਥਾਂ ਨਾਲ ਲਿਖਿਆ
ਤਾਣੀ ਤਣਦੇ ਕਬੀਰ ਦਾ ਪੈਗ਼ਾਮ ਤਾਂ ਵੇਖ

ਕਿਤੇ ਸੂਲੀ ਤੋਂ ਉੱਚੇ ਮਨਸੂਰ ਦਾ ਮੁਕਾਮ ਵੇਖ
ਫਿਰ ਸ਼ਮਸ ਤੇ ਸਰਮੱਦ ਦਾ ਅੰਜ਼ਾਮ ਵੇਖ
ਤੱਤੀ ਤਵੀ ਤਕ ਲੈ ਕੇ ਜਾਣ ਵਾਲੇ ਇਲਜ਼ਾਮ ਵੇਖ
ਫਿਰ ਕੈਦ ਕੀਤੇ ਸੱਚੇ ਪਾਤਸ਼ਾਹ ਦੀ ਸ਼ਾਨ ਵੇਖ
ਕਿਤੇ ਕਿਰਪਾ ਵੰਡਦੀ ਕਿਰਪਾਨ ਵੇਖ
ਕਿਤੇ ਨੀਂਹਾਂ 'ਚ ਚਿਣਿਆਂ ਦੀ ਆਨ ਵੇਖ
ਕਿਤੇ ਬੁੱਲ੍ਹੇ ਦੀ ਬਾਗ਼ੀ ਜ਼ੁਬਾਨ ਵੇਖ

ਕਿਵੇਂ ਸੱਚ ਨੇ ਦਿੱਤੇ ਇਮਤਿਹਾਨ ਵੇਖ
ਫਿਰ ਇਹਨਾਂ ਇਮਤਿਹਾਨਾਂ 'ਚੋਂ ਨਿਕਲੇ
ਯੁਗਾਂ ਯੁਗਾਂ ਤਕ ਚਲਦੇ ਤੂਫ਼ਾਨ ਵੇਖ
ਇਸ ਮਾਰਗ ਦਾ ਪਾਂਧੀ ਬਣਨ ਤੋਂ ਪਹਿਲਾਂ
ਜ਼ਰਾ ਆਪਣਾ ਖੋਖਲਾ ਜਿਹਾ ਈਮਾਨ ਵੀ ਵੇਖ



ਕਾਸ਼! ਕਾਸ਼!!
ਤੇਰਾ ਸਤਿ ਨਾਲ ਜ਼ਰਾ ਵੀ ਸੰਗ ਹੋਇਆ ਹੁੰਦਾ
ਤੇਰੇ ਮੌਨ ਦੀ ਮਹਿਕ
ਬੇਹੇ ਫ਼ੁੱਲਾਂ ਦੇ ਹਾਰਾਂ ਨੂੰ ਤੈਥੋਂ ਪਾਸੇ ਹਟਾਉਂਦੀ
ਤੇਰੀ ਬੰਦਗ਼ੀ ਦੀ ਸ਼ਹਿਨਸ਼ਾਹਤ
ਬਲਬਨਾਂ ਦੀ ਸੇਵਾ ਠੁਕਰਾਉਂਦੀ

ਤੇਰੇ ਸ਼ਬਦਾਂ ਦੀ ਅੱਗ
ਬਾਬਰਾਂ ਨੂੰ ਲਲਕਾਰਦੀ
ਤੇਰੀ ਤੀਜੀ ਅੱਖ ਦੀ ਉਚਾਈ
ਸਿਕੰਦਰਾਂ ਨੂੰ ਟਿੱਚ ਕਰ ਜਾਣਦੀ

ਕਾਸ਼! ਤੇਰਾ 'ਸਤਿ' ਨਾਲ ਜ਼ਰਾ ਵੀ ਸੰਗ ਹੋਇਆ ਹੁੰਦਾ
ਤੂੰ ਆਪਣੇ ਜੋਗੀ ਘਾਲਣਾ, ਘਾਲ ਕੇ
ਕੂੜੇ ਭਰੀ ਦੇਹ ਨੂੰ ਪਸੀਨਾ ਲਿਆ ਕੇ
ਭੋਰਾ ਸੁੱਚੀ ਕਰ ਲੈਂਦਾ
ਬਗਲਾ, ਭਗਵਾਂ ਵੇਸ ਤਿਆਗ
ਨਿੱਤ-ਦਿਹਾੜੇ ਦੀ ਤੋਤਾ-ਰਟਨ ਛੱਡ ਕੇ
ਗੁਰੂ ਬਣਨ ਤੋਂ ਪਹਿਲਾਂ ਇਨਸਾਨ ਤਾਂ ਬਣ ਜਾਂਦਾ
ਮਹਾਂਪੁਰਸ਼ ਬਣਨ ਤੋਂ ਪਹਿਲਾਂ
ਪੁਰਸ਼ ਤਾਂ ਬਣ ਜਾਂਦਾ।

## *ਮਾਨਸ ਜਨਮੁ ਦੁਲੰਭੁ!

ਮੈਂ ਜਾਨਵਰਾਂ, ਪਸ਼ੂਆਂ, ਪੰਛੀਆਂ ਤੋਂ
ਬੜਾ ਕੁਝ ਸਿੱਖੀ ਬੈਠਾ ਹਾਂ

ਦਫ਼ਤਰ ਜਾ ਕੇ, ਵੱਡੀ ਕੁਰਸੀ ਵੱਲ ਵੇਖ
ਲੂੰਬੜੀ ਬਣ ਜਾਂਦਾ ਹਾਂ
ਤੇ ਛੋਟੀ ਕੁਰਸੀ ਵੱਲ ਵੇਖ
ਬਘਿਆੜ ਬਣ ਬਹਿੰਦਾ ਹਾਂ
ਪਤਨੀ ਕੋਲ ਆ ਕੇ ਗਿੱਦੜ
ਤੇ ਸੁਪਨੇ ਵਿਚ ਸ਼ੇਰ ਬਣਨ ਦਾ ਝਉਲਾ ਖਾਂਦਾ ਹਾਂ

ਮਨ ਦੀ ਸ਼ਾਂਤੀ ਢੂੰਡਣ ਵਾਸਤੇ
ਅੱਖਾਂ 'ਤੇ ਖੋਪੇ ਚਾੜ੍ਹ ਕੇ
ਬਿਨਾਂ ਪਾਣੀ ਵਾਲੇ ਖੂਹ ਦੀਆਂ ਟਿੰਡਾਂ ਅੱਗੇ ਹੀ
ਬੈਲ ਬਣ ਜੁਤਿਆ ਰਹਿੰਦਾ ਹਾਂ

ਜਦ ਪ੍ਰਤਿਸ਼ਠਾ ਦੀ ਪਿਆਸ ਲੱਗਦੀ ਹੈ
ਤਾਂ ਛੋਟਾ ਗਧਾ ਬਣਕੇ ਵੱਡੇ ਗਧੇ ਦੇ ਗਲ ਵਿਚ ਹਾਰ ਪਾ ਆਉਂਦਾ ਹਾਂ

ਕਿਧਰੇ ਜੰਗ ਹੋ ਕੇ ਹਟਦੀ ਹੈ
ਤਾਂ ਕੁੱਕੜ ਬਣ ਕੇ ਮਲਬਾ ਫਰੋਲ਼ਦਾ ਹਾਂ
ਚੂਹਾ ਬਣ ਲਾਸ਼ਾਂ ਦੇ ਖੀਸੇ ਵੀ ਟੋਲਦਾ ਹਾਂ

---

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈਬਾਰ।
ਜਿਉ ਬਨਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥
(ਦੋਹਾ ਭਗਤ ਕਬੀਰ)



ਕਿਸੇ ਘਰ ਦੇ ਮਾਲਕ ਨੂੰ ਘਰ ਨਾ ਵੇਖ ਕੇ
ਕਾਂ ਬਣ ਚੁੰਝਾਂ ਮਾਰ ਆਉਂਦਾ ਹਾਂ

ਸੋਨੇ ਦੇ ਪਿੰਜਰੇ ਲੱਭਣ ਤੇ ਚੂਰੀ ਬਟੋਰਨ ਲਈ
ਤੋਤਾ ਬਣ ਰਾਮ ਰਾਮ ਕਰਦਾ ਹਾਂ

ਜਦ ਮੇਰੀਆਂ ਅੱਖਾਂ ਸਾਹਮਣੇ
ਫ਼ੁੱਲਾਂ ਤੋਂ ਮਹਿਕਾਂ ਖੋਹੀਆਂ ਜਾਂਦੀਆਂ
ਦਰਪਣਾਂ 'ਤੇ ਝਰੀਟਾਂ ਪਾਈਆਂ ਜਾਂਦੀਆਂ
ਮਾਸੂਮ ਘੁੱਗੀਆਂ ਦੇ ਗਲ ਪਾਉਣ ਲਈ
ਕੰਡਿਆਲੀਆਂ ਤਾਰਾਂ ਬਣਾਈਆਂ ਜਾਂਦੀਆਂ
ਤਾਂ ਚਾਨਣ ਤੇ ਹਨ੍ਹੇਰੇ ਤਕਾਜ਼ਾ ਕਰ
ਜਾਂ ਤਾਂ ਉੱਲੂ ਤੇ ਜਾਂ ਫਿਰ ਘੋਗੜ ਬਣ ਜਾਂਦਾ ਹਾਂ

ਹਰ ਪੰਜ ਸਾਲ ਬਾਅਦ
ਟੀ. ਵੀ 'ਤੇ ਐਗਜ਼ਿਟ-ਪੋਲ ਵੇਖਦਾ
ਅਖ਼ਬਾਰ ਪੜ੍ਹਦਾ, ਬੀ. ਬੀ. ਸੀ. ਸੁਣਦਾ
ਸਰਕਾਰ ਬਦਲੀ ਦਾ ਅਨੁਮਾਨ ਲਾ ਕੇ
ਬਾਂਦਰ ਬਣ ਬਹਿੰਦਾ ਹਾਂ
ਉੱਚੇ ਹੋਏ ਝੰਡੇ ਥੱਲੇ ਟਪੂਸੀ ਮਾਰਨ ਦੀ ਤਿਆਰੀ ਕਰਦਾ
ਕੁਝ ਦੇਰ ਕੁੱਤਾ ਬਣ ਕੇ
ਚੱਟਣ ਲਈ ਜੁੱਤੀਆ ਦੀ ਭਾਲ ਕਰਦਾ ਹਾਂ
ਇਹ ਜੁੱਤੀਆਂ ਚੱਟਦਿਆਂ ਉਹਨਾਂ ਨਾਜ਼ੁਕ ਪੈਰਾਂ ਦੀ
ਨਿਸ਼ਾਨਦੇਹੀ ਵੀ ਕਰ ਲੈਂਦਾ ਹਾਂ

ਜਿਨ੍ਹਾਂ ਨੂੰ ਸੱਪ ਬਣਨ ਤੋਂ ਬਾਅਦ
ਡੰਗਣ ਦੀ ਕੋਸ਼ਿਸ਼ ਕਰਨੀ ਹੁੰਦੀ ਹੈ

ਮੈਂ!
ਚੁਰਾਸੀ ਲੱਖ ਜੂਨਾਂ ਦੀਆਂ ਕੁਝ ਆਦਤਾਂ ਦਾ
ਇਕੋ ਉਮਰ ਵਿੱਚ ਲਾਹਾ ਲੈਣ ਵਾਲਾ
ਸਫ਼ੈਦਪੋਸ਼ ਬੁੱਧੀਜੀਵੀ, ਗਿਆਨੀ, ਭਲਾਮਾਣਸ ਹਾਂ
ਮੇਰੇ ਚਿੱਟੇ ਕੱਪੜਿਆਂ ਵਿੱਚ ਸੰਭਾਲਿਆ
ਮੇਰਾ ਅਜੀਬ ਚਿੜੀਆਘਰ
ਮੈਨੂੰ ਬੜਾ ਸੁਰੱਖਿਅਤ ਰੱਖਦਾ ਹੈ

ਸੋਚਦਾ ਹਾਂ:
ਕਦੇ ਕੀਰਕੇਗਾਰਦ ਤੇ ਕਾਮੂ ਹੋਰਾਂ ਨੂੰ ਪੜ੍ਹਦਿਆਂ
ਜਿਵੇਂ ਜ਼ਿੰਦਗੀ ਵਿਅਰਥ ਜਿਹੀ ਲੱਗੀ ਸੀ
ਹੁਣ ਨੂੰ ਕਦੋਂ ਦੀ ਖ਼ੁਦਕੁਸ਼ੀ ਕਰ ਲੈਣੀ ਸੀ
ਜੇ ਇਹ ਪਸ਼ੂ ਜੀਵਨ-ਜਾਚ ਨਾ ਆਉਂਦੀ

ਤਾਂ ਫਿਰ
ਇਹ ਦੁਲੰਭ ਮਾਨਸ ਜਨਮ
ਭਾਵੇਂ ਇਹ ਜਨਮ ਮੈਂ ਆਪਣੇ 'ਚੋਂ
ਮਨਫ਼ੀ ਕਰ ਦਿੱਤਾ ਹੈ
ਫਿਰ ਵੀ ਸੋਚਦਾ ਹਾਂ
ਇਹ ਮਾਨਸ ਦਾ ਜਨਮ...
ਮੇਰੇ ਲਈ ਜਨਮ ਨਾ ਸਹੀ ਸਰੀਰ ਹੀ ਸਹੀ
ਭੰਗ ਦੇ ਭਾੜੇ ਹੀ ਗਵਾ ਬਹਿਣਾ ਸੀ।



## ਇਕ ਚਿੱਠੀ

ਮੇਰੇ ਸਿਰਨਾਵੇਂ 'ਤੇ ਰੋਜ਼ ਹੀ ਕੋਰੇ ਕਾਗਜ਼ ਦੀ
ਇਕ ਬੇਰੰਗ ਚਿੱਠੀ ਆਉਂਦੀ ਹੈ
ਜੋ ਘੂਕ ਸੁੱਤੇ ਨੂੰ ਕਿਸੇ ਘੜਿਆਲ ਦੀ
ਅਵਾਜ਼ ਵਾਂਗ ਜਗਾਉਂਦੀ ਹੈ

ਹੁਣ ਤਕ ਮੈਂ ਇਹੋ ਜਿਹੀਆਂ ਬਹੁਤ ਚਿੱਠੀਆਂ
ਜਹਾਜ਼ ਬਣਾ ਕੇ ਉਡਾਈਆਂ
ਜਾਂ ਕਿਸ਼ਤੀਆਂ ਬਣਾ ਕੇ ਲਾਗਲੇ
ਛੱਪੜ ਵਿਚ ਰੁੜ੍ਹਾਈਆਂ
ਕਈ ਵਾਰ ਕੋਰਾ ਕਾਗਜ਼ ਦੇਖ ਕੇ
ਬੇਤੁਕੀਆਂ ਲੀਕਾਂ ਵਾਹੀਆਂ
ਕਦੇ ਇਸ ਕਾਗਜ਼ ਦੀਆਂ ਪੀਪਲੀਆਂ ਬਣਾ
ਟਾਈਮ-ਪਾਸ ਲਈ ਵਜਾਈਆਂ
ਮੈਨੂੰ ਸਮਝ ਨਹੀਂ ਆਉਂਦੀ, ਇਹ ਚਿੱਠੀ
ਮੇਰੇ ਲਈ ਕੀ ਸੰਦੇਸ਼ ਲਿਆਉਂਦੀ ਹੈ
ਮੇਰੇ ਸਿਰਨਾਵੇ 'ਤੇ ਰੋਜ਼ ਹੀ ਕੋਰੇ ਕਾਗਜ਼ ਦੀ
ਇਕ ਬੇਰੰਗ ਚਿੱਠੀ ਆਉਂਦੀ ਹੈ

ਮੈਂ ਅੱਖਰ ਪੜ੍ਹਨੇ ਸਿੱਖੇ ਨੇ
ਤੇ ਇਸ ਕੋਰੇ ਕਾਗਜ਼ ਦੀ ਚਿੱਠੀ ਦੇ ਲਿਫ਼ਾਫ਼ੇ 'ਤੋਂ
ਕੇਵਲ ਆਪਣਾ ਸਿਰਨਾਵਾਂ ਹੀ ਪੜ੍ਹਦਾ ਹਾਂ
ਆਪਣੇ ਨਾਂ ਨੂੰ ਕਿਸੇ ਥਾਂ ਲਿਖਿਆ ਵੇਖਣ ਲਈ ਹੀ
ਮੈਂ ਇਸ ਦੀ ਉਡੀਕ ਕਰਦਾ ਹਾਂ

ਮੇਰਾ ਸਿਰਨਾਵਾਂ,
ਮੇਰੀ, ਮੇਰੇ ਨਾਂ ਦੀ, ਮੇਰੇ ਪਿੰਡ ਦੀ ਹੋਂਦ ਦੀ ਗਵਾਹੀ ਭਰਦਾ ਹੈ
ਇਹ ਲਿਫ਼ਾਫ਼ੇ 'ਤੇ ਲਿਖਿਆ ਮੇਰਾ ਨਾਂ ਹੀ ਤਾਂ ਹੈ
ਜਿਸਨੂੰ ਵੇਖਣ ਲਈ ਉਨੀਂਦਰੇ ਵੀ ਜਰਦਾ ਹਾਂ
ਮੇਰੇ ਨਾਂ ਵਾਲੀ ਇਹ ਲਿਖਤ
ਮੈਨੂੰ ਕੁਝ ਸਮੇਂ ਲਈ ਆਮ ਤੋਂ ਖ਼ਾਸ ਬਣਾਉਂਦੀ ਹੈ
ਮੇਰੇ ਸਿਰਨਾਵੇਂ 'ਤੇ ਰੋਜ਼ ਹੀ ਕੋਰੇ ਕਾਗਜ਼ ਦੀ
ਇਕ ਬੇਰੰਗ ਚਿੱਠੀ ਆਉਂਦੀ ਹੈ

ਸੋਚਦਾ ਹਾਂ ਇਸ ਚਿੱਠੀ ਨੂੰ ਕੋਈ ਪਿਨਸਲ
ਨਸੀਬ ਕਿਉਂ ਨਹੀਂ ਹੋਈ
ਇਸ ਨੇ ਆਪਣੀ ਪਹਿਚਾਣ ਲਈ ਆਪਣੇ ਉੱਪਰ
ਕੋਈ ਸ਼ਬਦੀ-ਲੜੀ ਕਿਉਂ ਨਹੀਂ ਪਰੋਈ
ਮੇਰੇ ਵਾਂਗ ਕੋਈ ਰਿਸ਼ਤਿਆਂ, ਰੋਸਿਆਂ, ਸ਼ਿਕਵਿਆਂ ਦੀ
ਕਹਾਣੀ ਕਿਉਂ ਨਹੀਂ ਛੋਹੀ
ਇਸਨੇ ਆਪਣੀ ਪਿੱਠ 'ਤੇ
ਆਪਣੀ ਜਾਤ, ਬਿਰਾਦਰੀ, ਕੌਮੀਅਤ ਕਿਉਂ ਨਹੀਂ ਢੋਈ
ਆਖ਼ਰ ਮੈਨੂੰ ਇਹ ਆਪਣੇ ਵਰਗਾ ਕਿਉਂ ਬਣਾਉਣਾ ਚਾਹੁੰਦੀ ਹੈ

ਮੇਰੇ ਸਿਰਨਾਵੇਂ 'ਤੇ ਰੋਜ਼ ਹੀ ਕੋਰੇ ਕਾਗਜ਼ ਦੀ
ਇਕ ਬੇਰੰਗ ਚਿੱਠੀ ਆਉਂਦੀ ਹੈ।

ਇਸ ਚਿੱਠੀ ਦਾ ਕੋਰਾ ਕਾਗਜ਼ ਕਦੇ ਕਦੇ
ਮੇਰੇ ਮੱਥੇ ਦੇ ਵਿਚਕਾਰ ਜਾਣਾ ਚਾਹੁੰਦਾ ਹੈ



ਪਰ ਉਸ ਵਕਤ ਇਹ ਇਕ ਸਾਜ਼ਿਸ਼ ਕਰਦਾ ਲੱਗਦਾ ਹੈ
ਆਪਣੇ ਦੁਆਲਿਉਂ ਮੇਰਾ ਸਿਰਨਾਵਾਂ ਲਾਹੁੰਦਾ ਹੈ
ਭਾਵੇਂ ਮੇਰੇ ਮੱਥੇ ਦਾ ਚੁੰਬਕ ਵੀ
ਇਸ ਸ਼ਬਦ-ਮੁਕਤ ਕਾਗਜ਼ ਨੂੰ ਖਿੱਚ ਪਾਉਂਦਾ ਹੈ
ਪਰ ਮੈਂ!
ਇਸ ਚਿੱਠੀ ਨੂੰ ਵਗਾਹ ਮਾਰਦਾ ਹਾਂ
ਜਦੋਂ ਇਹ ਮੇਰੇ ਸਿਰਨਾਵੇਂ ਲਿਖੇ ਲਿਫ਼ਾਫ਼ੇ ਤੋਂ ਬਾਗ਼ੀ ਹੋ ਕੇ
ਮੇਰੀ ਪਹਿਚਾਣ ਗਵਾਉਂਦੀ ਹੈ
ਮੇਰੇ ਸਿਰਨਾਵੇਂ 'ਤੇ ਰੋਜ਼ ਹੀ ਕੋਰੇ ਕਾਗਜ਼ ਦੀ
ਇਕ ਬੇਰੰਗ ਚਿੱਠੀ ਆਉਂਦੀ ਹੈ

ਹੁਣ ਮੇਰੇ ਕੋਲ ਵਕਤ ਨਹੀਂ ਰਿਹਾ
ਕਿ ਇਹ ਚਿੱਠੀ ਖੋਲ੍ਹ ਕੇ ਵੇਖਦਾ ਰਹਾਂ
ਹੁਣ ਕੋਰੇ ਕਾਗਜ਼ ਦੀ ਕੋਰੀ ਲਿੱਪੀ ਪੜ੍ਹਨ ਦੀ
ਕੋਸ਼ਿਸ਼ ਤਾਂ ਬਹੁਤ ਦੂਰ
ਮੈਂ ਡਾਕੀਏ ਦੀ ਘੰਟੀ ਵੀ ਨਹੀਂ ਸੁਣਦਾ
ਉਸਨੂੰ ਦੂਰੋਂ ਦੇਖ ਘਰ ਦਾ ਦਰਵਾਜ਼ਾ ਬੰਦ ਕਰ ਲੈਂਦਾ ਹਾਂ

ਸੋਚਦਾਂ, ਸਿਰਨਾਵਾਂ ਪੜ੍ਹਨ ਖ਼ਾਤਰ
ਕੋਰੇ ਕਾਗਜ਼ਾਂ ਦਾ ਸੰਦੇਸ਼ ਕੌਣ ਪੜ੍ਹੇ!
ਸਿਰਨਾਵੇਂ ਦੀ ਇਕ ਤਖ਼ਤੀ ਬੂਹੇ ਅੱਗੇ ਲਵਾ ਲਈ
ਉਸ ਨੂੰ ਵੇਖਦਾ ਵੇਖਦਾ ਈ ਸੌਂ ਜਾਂਦਾ ਹਾਂ।

## ਬੇਦਖ਼ਲੀ-ਨੋਟਿਸ

ਅਖ਼ਬਾਰ ਦਾ ਪਹਿਲਾ ਪੰਨਾ ਪਰਤਦਿਆਂ
ਵਿਗੜੇ ਧੀਆਂ ਪੁੱਤਾਂ ਬਾਰੇ ਲਿਖੇ ਬੇਦਖ਼ਲੀ-ਨੋਟਿਸ ਨਜ਼ਰੀਂ ਪਏ
ਜਿਨ੍ਹਾਂ ਨੂੰ ਦੇਖਦਿਆਂ ਹੀ ਮੇਰੇ ਅੰਦਰਲੇ ਬੇਦਖ਼ਲੀ-ਨੋਟਿਸ
ਅੰਗੜਾਈਆਂ ਲੈ ਕੇ ਮਾਂ ਸਰਸਵਤੀ ਦੀ ਸ਼ਰਨ ਜਾਣ ਲੱਗੇ
ਹਰਫ਼ਾਂ ਦੇ ਜਾਮੇ ਦੀ ਮੰਗ ਕਰਨ ਲੱਗੇ

ਮਾਂ ਸਰਸਵਤੀ ਨੇ ਮੈਨੂੰ ਵੰਗਾਰਦਿਆਂ ਕਿਹਾ
"ਜੇ ਸਾਹਾਂ 'ਚ ਗਰਮੀ ਬਚੀ ਹੈ ਤਾਂ
ਤੀਹ ਚਾਲੀ ਸ਼ਬਦਾਂ ਦੀਆਂ
ਅਖ਼ਬਾਰੀ ਬੇਦਖ਼ਲੀਆਂ ਤੋਂ ਅੱਗੇ ਝਾਕ
ਤੇ ਲਿਖ-
ਉਹ ਬੇਦਖ਼ਲੀ-ਨੋਟਿਸ
ਜਿਨ੍ਹਾਂ ਨੂੰ ਲਿਖਣੋਂ ਡਰਦਾਂ ਏਂ
ਜ਼ੁਬਾਨ ਹੁੰਦਿਆਂ ਵੀ ਚੁੱਪ ਕਰਦਾਂ ਏਂ
ਅੱਖੀਂ ਵੇਖ ਸਭ ਕੁਝ ਜਰਦਾਂ ਏਂ

ਲਿਖ ਬੇਦਖ਼ਲੀ-ਨੋਟਿਸ
ਉਨ੍ਹਾਂ ਮਿੱਤਰਾਂ ਲਈ
ਜਿਨ੍ਹਾਂ ਦੀਆਂ ਜੀਭਾਂ 'ਤੇ ਤੇਰੇ ਲਈ ਖ਼ੁਸ਼ਾਮਦੀਆਂ ਦੇ ਛਾਲੇ ਹਨ
ਬੇਦਖ਼ਲ ਕਰ ਉਹਨਾਂ ਵਿਚਾਰਾਂ ਨੂੰ
ਜੋ ਕਰਮ ਦੀ ਖ਼ੁਸ਼ਬੋ ਵੰਡਣ ਤੋਂ ਪਹਿਲਾਂ ਹੀ
ਤੇਰੇ ਅੰਦਰ ਮੁਰਝਾ ਜਾਂਦੇ ਨੇ
ਬੇਦਖ਼ਲ ਕਰ
ਆਪਣੇ ਉਸ ਖ਼ੂਨ ਨੂੰ
ਜੋ ਤੇਰੇ ਰਿਸ਼ਤਿਆਂ ਦੀਆਂ ਨਾੜਾਂ ਵਿਚ ਹੀ ਦੌੜਦਾ ਰਹਿੰਦਾ ਏ



ਬੇਦਖ਼ਲ ਕਰ ਉਸ ਹਾਸੇ ਨੂੰ
ਜੋ ਤੇਰੇ ਬੁੱਲ੍ਹਾਂ ਤੋਂ ਅੱਗੇ ਹੀ ਨਹੀਂ ਲੰਘਦਾ
ਤੇ ਨਾਲ ਹੀ ਬੇਦਖ਼ਲ ਕਰ
ਉਸ ਗ਼ਮੀ ਨੂੰ
ਜੀਹਦਾ ਕੱਦ ਤੇਰੇ ਜਿਸਮ ਜਿੱਡਾ ਹੀ ਹੋਵੇ

ਲਿਖ ਬੇਦਖ਼ਲੀ-ਨੋਟਿਸ
ਉਹਨਾਂ ਸ਼ਬਦਾਂ ਦੇ ਨਾਂ ਦਾ
ਜੋ ਜਨਮ ਲੈਣ ਤੋਂ ਪਹਿਲਾਂ
ਹਵਾ ਦਾ ਰੁਖ਼ ਵੇਖਦੇ ਨੇ

ਬੇਦਖ਼ਲ ਕਰ ਆਪਣੀ ਆਤਮਾ 'ਚੋਂ
ਉਹਨਾਂ ਰਹਿਬਰਾਂ ਨੂੰ
ਜੋ ਸ਼ਗਿਰਦਾਂ ਦੀ ਗਿਣਤੀ

ਚੜ੍ਹਾਵੇ ਦੇ ਸਿੱਕੇ ਗਿਣਕੇ ਕਰਦੇ ਨੇ

ਲਿਖ ਬੇਦਖ਼ਲੀ-ਨੋਟਿਸ
ਉਹਨਾਂ ਨਜ਼ਰਾਂ ਦੇ ਨਾਂ
ਜੋ ਰੰਗ-ਬਰੰਗੀਆਂ ਐਨਕਾਂ ਲਾ ਕੇ ਚਲਦੀਆਂ ਨੇ

ਤੇ ਇਕ ਆਖ਼ਰੀ ਬੇਦਖ਼ਲੀ-ਨੋਟਿਸ ਲਿਖੀਂ
ਆਪਣੀ ਬਾਕੀ ਉਮਰ ਨੂੰ
ਜੇ ਉਹ ਮੋਈ ਰੂਹ ਸਿਰਾਹਣੇ ਬੈਠੀ
ਵੈਣ ਪਾ ਰਹੀ ਹੋਵੇ।"

## ਜ਼ਿੰਦਗੀ ਮੈਨੂੰ ਟੱਕਰੀ

ਜ਼ਿੰਦਗੀ ਮੈਨੂੰ ਟੱਕਰੀ
ਪ੍ਰਭਾਤ ਵੇਲੇ

ਚਿਹਰੇ ਤੇ ਪਰਦੇ, ਜਿਸਮ ਤੇ ਪਰਦੇ
ਹੱਥ ਵਿੱਚ ਪੰਘੂੜਾ
ਪੰਘੂੜੇ ਵਿੱਚ ਸੌਂ ਰਹੇ ਅਣਗਿਣਤ ਮੁਸਾਫ਼ਰ

ਜ਼ਿੰਦਗੀ ਮੈਨੂੰ ਟੱਕਰੀ
ਸੂਰਜ ਚੜ੍ਹਨ ਪਿੱਛੋਂ
ਇੱਕ ਪਰੀ ਜਿਹੀ ਸੋਹਣੀ ਬਣਕੇ
ਸਤਰੰਗੇ ਸੁਪਨਿਆਂ ਦੀ ਪੁਸ਼ਾਕ ਪਹਿਨ ਕੇ

ਕੁਝ ਮੁਸਾਫ਼ਰ ਓਹਦੇ ਮਨ-ਪਰਚਾਵੇ ਲਈ
ਗੀਟੇ, ਗੁੱਲੀ-ਡੰਡੇ ਖੇਡਦੇ ਵੇਖੇ
ਤੇ ਕੁਝ ਓਹਦੇ ਜੂਠੇ ਬਰਤਨ ਸਾਫ਼ ਕਰਦੇ
ਓਹਦੇ ਲਈ ਕਾਸੇ ਫੜ ਕੇ ਮੰਗਦੇ ਵੇਖੇ

ਜ਼ਿੰਦਗੀ ਫੇਰ ਟੱਕਰੀ
ਦੁਪਹਿਰ ਵੇਲੇ
ਹੁਸਨ ਤੇ ਚਮਕ ਸੀ
ਅੱਧੇ ਜਿਸਮ ਤੇ ਸਿਲਕ, ਤੇ ਅੱਧੇ ’ਤੇ ਖੁਰਦਰਾ ਖੱਦਰ

ਉਹਦੇ ਸਿਲਕੀ ਲਿਬਾਸ ਹੇਠ ਚੱਲਦੇ ਮੁਸਾਫ਼ਰ
ਨੱਚਦੇ-ਨੱਚਦੇ ਥੱਕ ਗਏ
ਉਹਦੇ ਖੱਦਰ ਹੇਠ ਚੱਲ ਰਹੇ ਮੁਸਾਫ਼ਰ



ਚਰਖ਼ੇ ਕੱਤਦੇ-ਕੱਤਦੇ ਥੱਕ ਗਏ
ਤੇ ਦੋਹਾਂ ਪਾਸਿਆਂ ਦੇ ਕੁਝ ਮੁਸਾਫ਼ਰ
ਓਹਦੇ ਬਦਲਦੇ ਰੂਪ ਵੇਖ ਅੱਕ ਗਏ
ਤੇ ਬੇਦਾਵੇ ਲਿਖਦੇ ਚੱਲਦੇ ਬਣੇ

ਜ਼ਿੰਦਗੀ ਫੇਰ ਟੱਕਰੀ
ਦੁਪਹਿਰ ਢਲੀ ’ਤੇ

ਪੁਸ਼ਾਕ ਕਿਧਰੇ ਸਫ਼ਰ ਵਿੱਚ ਗੁਆ ਆਈ
ਨੰਗੀ ਵੇਖ
ਨਾਲ ਚੱਲਦੇ ਮੁਸਾਫ਼ਰ ਸ਼ਰਮਾ ਗਏ
ਲੁਕਦੇ-ਲੁਕਾਉਂਦੇ ਗੁਫ਼ਾਵਾਂ ਵਿੱਚ ਆ ਗਏ
ਆਰਤੀਆਂ ਕਰਦੇ, ਉਧਾਰਾ ਤੇਲ ਲੈ ਦੀਵੇ ਜਗਾਉਂਦੇ
ਸੁਲਗਦੇ ਅਰਮਾਨਾਂ ਦੀਆਂ ਅਗਰਬੱਤੀਆਂ ਬਾਲਦੇ
ਜ਼ਿਹਨੀ ਸ਼ੋਰ ਦੀਆਂ ਘੰਟੀਆਂ ਵਜਾਉਂਦੇ, ਨਾਹਰੇ ਲਾਉਂਦੇ
ਬੇਸੁਰੀਆਂ ਬੰਸਰੀਆਂ ਇੱਕ ਦੂਜੇ ਨੂੰ ਸੁਣਾਉਂਦੇ
ਜ਼ਿੰਦਗੀ ਦੇ ਏਸ ਰੂਪ ਦਾ
ਚੇਤਾ ਭੁਲਾਉਣ ਲੱਗੇ

ਜ਼ਿੰਦਗੀ ਫੇਰ ਟੱਕਰੀ
ਆਥਣ ਵੇਲੇ

ਜਿਸਮ ਦੁਆਲੇ ਕੰਡਿਆਲੀ ਪੁਸ਼ਾਕ ਪਹਿਨੀਂ
ਆਪਣੇ ਵੱਲ ਵੇਖ ਰਹੇ
ਡਰਦੇ, ਕੰਬਦੇ, ਸਹਿਮੇ ਮੁਸਾਫ਼ਰਾਂ ਲਈ
ਬੇਦਖ਼ਲੀ-ਨੋਟਿਸ ਲਿਖਦੀ

## ਕਵੀ ਦੀ ਖ਼ੁਦਕੁਸ਼ੀ

ਲੋੜ੍ਹੇ ਦੀ ਤਪਸ਼ ਨੇ ਉਸਨੂੰ ਕਵੀ ਬਣਾ ਦਿੱਤਾ
ਲੋਕਾਂ ਦਾ ਪਿਆਰ ਤੇ ਪਤਵੰਤੇ ਸੱਜਣਾਂ ਦੀ ਮਿਹਰ
ਉਹਨੂੰ ਢਾਰਿਆਂ 'ਚੋਂ ਕੱਢ ਮਹਿਲਾਂ ਤਕ ਲੈ ਆਈ
ਫਿਰ ਕੁਰਸੀ ਵਾਲਿਆਂ ਅੱਗੇ ਉਹਦੀ ਕਦਰ ਪੁਆਈ

ਇਕ ਐਵਾਰਡ ਦਿੰਦਿਆਂ
ਕੁਰਸੀ ਵਾਲਿਆਂ ਨੇ ਕਵੀ ਨੂੰ ਕੁਝ ਸੁਝਾਅ ਦਿੱਤੇ,
"ਤੇਰੇ ਵਿਚ ਕੁਝ ਤਪਸ਼ ਵਧੇਰੇ ਹੈ
ਇਸ ਨਾਲ ਸਾਡੇ ਮਹਿਲਾਂ ਦੇ, ਏ. ਸੀ. ਸੜ ਸਕਦੇ ਨੇ
ਤੇ ਨਾਲ ਹੀ
ਤੇਰੀ ਮਹਿਮਾਂ ਦੇ ਫੁੱਲ ਵੀ ਝੜ ਸਕਦੇ ਨੇ

ਅਗਲਾ ਐਵਾਰਡ ਜਲਦੀ ਮਿਲੇਗਾ
ਪਰ ਪਹਿਲਾਂ ਕੁਝ ਤਪਸ਼ ਘਟਾ
ਪੁਰਾਣੀਆਂ ਸੋਚਾਂ ਦਾ ਕੁਝ ਰੰਗ ਵਟਾ
ਇਸ ਤਪਸ਼ ਵਿਚ ਐਵੇਂ ਆਪਣਾ ਆਪਾ ਸਾੜ ਬਹੇਂਗਾ
ਸਾਰੀ ਉਮਰ ਢਾਰਿਆਂ 'ਤੇ ਪੋਚਾ ਫੇਰਦਾ ਰਹੇਂਗਾ
ਜਿਸ ਪਿੰਡ ਦੀ ਮਿੱਟੀ ਨਾਲ ਪਿਆਰ ਕਰਦੈਂ
ਉਸੇ ਥੱਲੇ ਦਬ ਜਾਏਂਗਾ
ਕਦੇ ਮਹਿਕਦੀਆਂ ਗੁਲਜ਼ਾਰਾਂ ਤਕ ਨਾ ਆਏਂਗਾ।"

ਕਵੀ ਆਪਣੀ ਤਪਸ਼ ਨੂੰ ਅਲਵਿਦਾ ਆਖ ਕੇ
ਕੁਰਸੀ ਵਾਲਿਆਂ ਨੂੰ ਨਮਸਕਾਰ ਕਰਕੇ



ਗਲ ਵਿਚ ਹਾਰ ਪੁਆਉਣ ਲੱਗਾ
ਇਸੇ ਵੇਲੇ
ਕਵੀ ਦੇ ਦਿਲ ਨੇ ਤੜ੍ਹਪ ਕੇ ਕਿਹਾ
"ਕਵੀ ਸਾਹਿਬ!
ਤੁਸੀ ਰਹੋ ਇਹਨਾਂ ਲੂੰਬੜੀਆਂ ਨਾਲ ਕਾਂ ਬਣਕੇ
ਮੈਂ ਖ਼ੁਦਕੁਸ਼ੀ ਕਰਦਾ ਹਾਂ।"

## ਪੰਜਾਬੀਆਂ ਦੀ ਆਜ਼ਾਦੀ-ਯਾਤਰਾ

ਖ਼ਾਬਾਂ ਭਰੀ ਕਿਤਾਬ 'ਚੋਂ ਸਭ ਅੱਖਰ ਭੁਰਗੇ
ਰੰਗ ਮਜੀਠੀ-ਆਸ ਦੇ ਮੀਂਹਾਂ ਵਿਚ ਖੁਰਗੇ

ਤਵਾਰੀਖ਼ ਰਹੀ ਬੋਲਦੀ ਅਸੀਂ ਕੁਝ ਨਾ ਸੁਣਿਆ
ਉਮਰੋਂ ਲੰਮੀਆਂ ਸਾਂਝਾਂ 'ਤੇ ਫਿਰ ਜਾਲਾ ਬੁਣਿਆ

ਧਰਮ-ਗੁਰੂ ਤੇ ਰਾਜੇ ਨੇ ਕੇਹੀ ਬਣਤ ਬਣਾਈ
ਸਾਡੇ ਅੱਗੇ ਟੋਆ ਪੁੱਟਿਆ ਤੇ ਪਿੱਛੇ ਖਾਈ

ਰੰਗ ਛਿੜਕਤੇ ਸਾਡੇ 'ਤੇ ਅਸੀਂ ਵੱਖਰੇ ਹੋ ਗੇ
ਬੋਲ ਤੁਅੱਸਬੀ ਨਾਗ ਬਣ ਕੰਨਾਂ ਨੂੰ ਛੋਹ ਗੇ

ਅਸੀਂ ਕੱਠਿਆਂ ਬੁਣੀਆਂ ਟੋਪੀਆਂ ਤੇ ਸੀਤੀਆਂ ਪੱਗਾਂ
ਸਿਰ ਇਨ੍ਹਾਂ ਵਿਚ ਰੱਖ ਕੇ ਸੁੱਟੇ ਵਿਚ ਅੱਗਾਂ

ਟੋਟੇ ਕਰਕੇ ਧਰਮ ਦੇ ਕਈ ਇਸ਼ਟ ਅਰਾਧੇ
ਸਿਰ ਉੱਖਲੀ ਵਿਚ ਦੇ ਲਏ ਤੇ ਮੋਲ੍ਹੇ ਖਾਧੇ

ਸਾਡੇ ਸੁੱਤਿਆਂ ਸੁੱਤਿਆਂ ਹੀਜੜੇ ਬਾਪੂ ਬਣ ਬਹਿਗੇ
ਉਸੇ ਦਿਨ ਮਾਂ ਧਰਤ ਦੇ ਸਭ ਹੰਝੂ ਵਹਿਗੇ



ਉਹ ਰਾਹਾਂ ਵਿਚ ਖਿਲਾਰਗੇ ਕੰਡੇ ਹੀ ਕੰਡੇ
ਲਾਲ ਲਕੀਰਾਂ ਖਿੱਚ ਕੇ ਸਾਡੇ ਪਾਣੀ ਵੰਡੇ

ਗੋਰੇ ਵਾਲੀ ਕੁਰਸੀ 'ਤੇ ਆ ਬੈਠੇ ਕਾਲ਼ੇ
ਸਾਨੂੰ ਕੌਡੀ ਖੇਡਣ ਲਾ ਲਿਆ ਵਲ਼ ਵੋਟ ਦੇ ਪਾਲ਼ੇ

ਮਾਂ ਦੀ ਹਾਲਤ ਵੇਖ ਕੇ ਅਸੀਂ ਵਿਲਕਣ ਲੱਗੇ
ਸਾਨੂੰ ਪਾਗਲਖ਼ਾਨੇ ਸੁੱਟਤਾ ਪਾ ਪਾਟੇ ਝੱਗੇ

ਪੰਜ ਕੁ ਵਰ੍ਹਿਆਂ ਬਾਅਦ ਅਸਾਂ ਦਾ ਹਾਲ ਨੇ ਪੁੱਛਦੇ
ਪਰ ਫ਼ੁੱਟਦੀਆਂ ਜੋ ਕਰੂੰਬਲਾਂ ਉਹ ਰਹਿੰਦੇ ਮੁੱਛਦੇ

ਪੁੱਟ ਕੇ ਲੈ ਜਾਣ ਸਾਡੀਆਂ ਸਧਰਾਂ ਦੇ ਗੰਨੇ
ਮਾਰ ਖੰਘੂਰੇ ਪੀ ਜਾਂਦੇ ਭਰ ਕੇ ਰਹੁ ਛੰਨੇ

ਜਦ ਵੀ ਕੱਠਿਆਂ ਹੋ ਕੇ ਅਸੀਂ ਪਾਈ ਕਿੱਕਲੀ
ਸਾਡੇ ਅੱਖੀਂ ਖੋਪੇ ਚਾੜ੍ਹਤੇ ਮੂੰਹਾਂ 'ਤੇ ਛਿੱਕਲੀ

ਲੈ ਫ਼ਰਿਆਦਾਂ ਬੈਠੇ ਜਦ ਇਨਸਾਫ਼ ਦੀ ਤੱਕੜੀ
ਸਾਡੇ ਸੱਚ 'ਤੇ ਜਾਲ਼ਾ ਬੁਣ ਗਈ ਕਾਨੂੰਨ ਦੀ ਮੱਕੜੀ

ਸਿਰ ਸੜਿਆ ਪਤਾ ਲੱਗਿਆ ਦਿਨ ਆਏ ਤੱਤੇ
ਤਨ ਕੱਜਣ ਦੇ ਵਾਸਤੇ ਕਈ ਚਰਖ਼ੇ ਕੱਤੇ

ਮਿਹਨਤ ਬੋਝੇ ਪਾ ਕੇ ਜਦ ਪਹੁੰਚੇ ਮੰਡੀ
ਉਹ ਸੁੱਤੇ ਉੱਠ ਦਲਾਲਾਂ ਨੇ ਆਪਸ ਵਿਚ ਵੰਡੀ

ਗ਼ਲੇ ਪੰਜਾਲ਼ੀ ਰੋਟੀ ਦੀ ਭਰਮਾਂ ਵਿਚ ਜੁੱਤੇ
ਦੁਸ਼ਮਣ ਬਣ ਕੇ ਜਾ ਖੜ੍ਹੇ ਸਰਹੱਦਾਂ ਉੱਤੇ

ਹੁਕਮ ਹੋਇਆ ਤਾਂ ਲੜ ਪਏ ਅਸੀਂ ਭਾਈ ਭਾਈ
ਜੀਹਨੇ ਜ਼ਿਆਦਾ ਮਾਰਤੇ ਉਹਨੂੰ ਮਿਲੀ ਵਧਾਈ

ਸਾਡੇ ਝੰਡੇ ਉੱਚੇ ਹੋ ਗਏ ਅਸੀਂ ਨੀਂਵੇਂ ਈ ਰਹਿਗੇ
ਰਾਜੇ ਚੱਕੀਆਂ ਚੱਟ ਕੇ ਵਿਹਲੇ ਹੋ ਬਹਿਗੇ

ਫੁੱਟਪਾਥਾਂ 'ਤੇ ਡੁਸਕੇ ਤੇ ਕੁਰਲਾਵੇ ਖ਼ਲਕਤ
ਮੱਤਾਂ ਦੇਵੇ ਧਰਮ-ਗੁਰੂ ਸਭ ਰੱਬ ਦੀ ਅਜ਼ਮਤ

ਸਾਡੇ ਮੂੰਹਾਂ ਦੇ ਵਿਚ ਰਹਿ ਗਏ ਬਸ ਬੇਹੇ ਨ੍ਹਾਰੇ
ਆਇਆ ਜਦ ਕੋਈ ਸੁਪਨਸਾਜ਼ ਓਹਦੇ ਹੱਕ 'ਚ ਮਾਰੇ

ਹੀਰੇ ਜਨਮ ਅਮੋਲ ਦਾ ਜਦ ਭੁੱਲ ਗਿਆ ਚੇਤਾ
ਇੱਜੜ ਦੇ ਵਿਚ ਬਦਲ ਗਏ ਪਾ ਅੱਖੀਂ ਰੇਤਾ



## ਅੰਮ੍ਰਿਤ-ਵੇਲਾ

ਇੱਕ ਦਿਨ ਪਹੁ-ਫੁਟਾਲੇ ਤੋਂ ਪਹਿਲਾਂ
ਇਕ ਸ਼ੰਕਾ ਦਾ ਬੱਦਲ ਵਰ੍ਹਿਆ
ਇਸ ਬੱਦਲ ਦੀਆਂ ਕਣੀਆਂ ਵਿਚ
ਲਿਖਿਆ ਸੀ,
"ਕੀ ਹੈ ਇਹ ਪਿਛਲੀ ਰਾਤ ਦਾ ਸਮਾਂ?"

ਇਕ ਕਣੀ ਪਪੀਹੇ 'ਤੇ ਡਿੱਗੀ
ਜਵਾਬ ਆਇਆ
"ਇਹ ਅੰਮ੍ਰਿਤ-ਵੇਲਾ ਹੈ।"

ਇਕ ਕਣੀ ਉੱਲੂ 'ਤੇ ਡਿੱਗੀ
ਜਵਾਬ ਆਇਆ
ਇਕ ਹੋਰ ਅੰਨ੍ਹੇਪਣ ਨੂੰ
"ਆਰੰਭ ਕਰਨ ਦਾ ਸਮਾਂ ਹੈ।"

ਇਕ ਕਣੀ ਵੇਸ਼ਵਾ 'ਤੇ ਡਿੱਗੀ
ਜਵਾਬ ਆਇਆ
"ਰਾਤ ਭਰ ਦੇ ਦੁੱਖ ਹੰਢਾਏ
ਟੁੱਟੇ ਹੋਏ
ਸਰੀਰ ਨੂੰ ਵੇਖਣ ਦਾ ਸਮਾਂ ਹੈ।"

ਇਕ ਕਣੀ ਸਮੇਂ 'ਤੇ ਡਿੱਗੀ
ਜਵਾਬ ਆਇਆ
"ਮੇਰੀ ਤਿੱਖੀ ਦਾਤਰੀ ਦੀ ਇਕ ਹੋਰ ਸਫ਼ਲਤਾ ਹੈ।"

## ਧਰਮ

ਧਰਮ!
ਰਾਜਨੀਤੀ ਲਈ ਬੂਟਾਂ ਦਾ ਜੋੜਾ
ਜਿਸਨੂੰ ਪਾ ਕੇ ਲੋਕਾਂ ਦੇ ਸਿਰਾਂ 'ਤੇ ਤੁਰਿਆ ਜਾਂਦਾ ਏ

ਧਰਮ!
ਸਰਮਾਏਦਾਰੀ ਲਈ ਸੀਵਰੇਜ ਦਾ ਢੱਕਣ
ਜੀਹਦੇ ਆਸਰੇ ਸਾਰਾ ਕੋਹਜ ਢਕ ਲਿਆ ਜਾਂਦਾ ਏ

ਧਰਮ!
ਪੁਜਾਰੀਆਂ ਲਈ ਇੱਕ ਮੱਕੜੀ
ਜੀਹਦੇ ਤੋਂ ਰੋਜ਼ੀ ਦੇਣ ਵਾਲਾ ਜਾਲਾ ਬੁਣਾਇਆ ਜਾਂਦਾ ਏ

ਧਰਮ!
ਭੀੜ ਲਈ ਇੱਕ ਰੂੜੀ
ਜੀਹਦੇ 'ਤੇ ਆਪਣੀ ਬਿਮਾਰੀ
ਹੰਝੂ, ਹਉਕੇ, ਘਾਟਾ, ਸੁੱਟਿਆ ਜਾਂਦਾ ਏ

ਧਰਮ!
ਜੋ ਸਲੀਬ 'ਤੇ ਲਟਕੇ ਮਸੀਹੇ
ਕਰਬਲਾ 'ਚ ਘਿਰੀ ਹੁਸੈਨ ਦੀ ਮਾਸੂਮੀਅਤ
ਚਾਂਦਨੀ ਚੌਂਕ ਵਿਚ ਦਿੱਤੇ ਗਏ ਮਹਾਂਸੀਸ
ਤੇ ਦੋ ਕੰਧਾਂ ਵਿਚਕਾਰ ਚਿਣੇ ਬਚਪਨ ਵਿੱਚੋਂ



ਰੱਤ ਬਣ ਕੇ ਸਿੰਮਦਾ ਹੋਇਆ
ਸਦੀਆਂ ਤੀਕ
ਪੀਲ਼ੇ ਚਿਹਰਿਆਂ ਨੂੰ ਸੁਰਖ਼ ਕਰਦਾ ਹੈ

ਉਹ ਰਾਜਨੀਤੀ ਲਈ ਬੂਟ
ਸਰਮਾਏਦਾਰੀ ਲਈ ਸੀਵਰੇਜ ਦਾ ਢੱਕਣ
ਪੁਜਾਰੀਆਂ ਲਈ ਮੱਕੜੀ
ਤੇ ਭੀੜ ਲਈ ਰੂੜੀ ਹੀ ਬਣਿਆ ਰਹਿੰਦਾ ਏ

## ਜ਼ਿੰਦਗੀ

ਜ਼ਿੰਦਗੀ
ਮੈਨੂੰ ਉਸ ਔਰਤ ਵਰਗੀ ਲੱਗੀ
ਜੀਹਨੇ ਚੜ੍ਹਦੀ ਉਮਰੇ
ਮਰੀਅਮ ਬਣਨ ਦਾ ਸੁਪਨਾ ਲਿਆ ਹੋਵੇ

ਤੇ ਫਿਰ ਸਾਰੀ ਜਵਾਨੀ ਮਰਦ ਬਦਲਣ 'ਤੇ ਲਾਈ ਹੋਵੇ
ਤੇ ਬੁੱਢੀ ਹੋਈ
ਇੱਕ ਨੁੱਕਰ ਵਿਚ ਟੁੱਟੇ ਮੰਜੇ 'ਤੇ ਪਈ
ਡੱਕੇ ਨਾਲ ਧਰਤੀ 'ਤੇ ਲੀਕਾਂ ਮਾਰਦੀ
ਜਵਾਨੀ ਵਿਚ ਬਦਲੇ ਮਰਦਾਂ ਦੇ ਨਾਂ ਗਿਣਦੀ
ਸ਼ਰਮਸਾਰ ਹੋ ਰਹੀ ਹੋਵੇ

ਜ਼ਿੰਦਗੀ
ਮੈਨੂੰ ਉਸ ਆਦਮੀ ਵਰਗੀ ਲੱਗੀ
ਜੋ ਹੀਰ ਦੀ ਚੂਰੀ ਦੀ ਭਾਲ ਵਿਚ
ਨਿਕਲਿਆ ਹੋਵੇ
ਤੇ ਰਾਹਾਂ ਵਿਚ ਠੇਡੇ ਖਾਂਦਾ ਖਾਂਦਾ
ਬੇਹੋਸ਼ ਹੋ ਗਿਆ ਹੋਵੇ
ਜਦੋਂ ਹੋਸ਼ ਆਈ
ਤਾਂ ਵੇਸ਼ਵਾ ਦੀਆਂ ਪੌੜੀਆਂ ਉਤਰ ਰਿਹਾ ਹੋਵੇ।



## ਕਿਰਤ-ਖੇਡ

ਜਦ ਕੋਈ ਖਿਡਾਰੀ
ਕਿਰਤ ਦੇ ਮੈਦਾਨ ਵਿਚ
ਮਿੱਟੀ ਸੰਗ ਘੁਲਦਾ ਹੈ
ਤੇ ਜਾਂ ਫਿਰ

ਘਸਮੈਲੇ ਸਿੱਲ੍ਹੇ ਹਨ੍ਹੇਰੇ ਕਮਰਿਆਂ ਵਿਚ
ਲੋਹੇ ਦੀਆਂ ਮਸ਼ੀਨਾਂ ਨਾਲ ਜੂਝਦਾ
ਆਪਣਾ ਆਪਾ ਭੁੱਲਦਾ ਹੈ

ਤਾਂ, ਇਸ ਖੇਡ ਵਿਚ
ਉਸਦੇ ਸੁਪਨੇ, ਸਰੀਰ, ਚਾਅ, ਅਰਮਾਨ
ਤੇ ਹੋਰ ਬੜਾ ਕੁਝ ਰੁਲਦਾ ਹੈ

ਇਸ ਖੇਡ ਤੋਂ ਬਾਅਦ
ਅੱਧੀ ਭੁੱਖ ਮਿਟਾਉਣ ਜੋਗੀ
ਰੋਟੀ ਹੀ ਆਉਂਦੀ ਆ ਹਿੱਸੇ
ਹੋਰ ਸਭ ਕੁਝ ਹੰਝੂ ਬਣ ਡੁੱਲ੍ਹਦਾ ਹੈ

ਜਿਨ੍ਹਾਂ ਪੰਡਾਂ ਵਿਚ ਉਹ ਲੋਹੇ ਤੇ ਮਿੱਟੀ ਨੂੰ ਸੋਨਾ ਬਣਾ ਕੇ ਬੰਨ੍ਹ ਦਿੰਦਾ
ਉਹਨਾਂ ਦਾ ਮੂੰਹ ਉਸ ਤੋਂ ਕੋਹਾਂ ਦੂਰ
ਰਾਜਧਾਨੀ ਵਿਚ ਜਾ ਖੁੱਲ੍ਹਦਾ ਹੈ

ਇਕ ਹੋਰ ਖਿਡਾਰੀ ਉਹ ਵੀ ਹੁੰਦਾ ਹੈ
ਜਿਸਨੇ
ਕਿਸੇ ਗੇਂਦ ਜਾਂ ਗੇਂਦ ਵਰਗੇ ਨ੍ਹਾਰੇ ਮਗਰ ਦੌੜ ਕੇ
ਉਸਨੂੰ ਕਾਬੂ ਕਰਨਾ ਤੇ ਉਛਾਲਣਾ ਹੁੰਦਾ ਹੈ
ਜਾਂ ਫਿਰ ਦੂਜੇ ਦੀ ਪਿੱਠ ਲਵਾਉਣੀ ਹੁੰਦੀ ਹੈ

ਪਹਿਲੇ ਨੂੰ ਸਿੱਕਿਆਂ ਪਿੱਛੇ ਰੋਲਿਆ ਜਾਂਦਾ
ਦੂਜੇ ਨੂੰ ਸਿੱਕਿਆਂ ਨਾਲ ਤੋਲਿਆ ਜਾਂਦਾ



## ਅੱਖਾਂ 'ਚ ਵਸਾਉਣਾ

ਕੁਝ ਲੋਕ ਵਸਾਉਂਦੇ ਨੇ
ਅੱਖਾਂ ਵਿਚ ਕਿਸੇ ਨੂੰ ਸੁਪਨਿਆਂ ਵਾਂਗ
ਤੇ ਇਹ ਸੁਪਨੇ
ਉਮਰਾਂ ਜਿੱਡੇ ਲੰਮੇ ਹੁੰਦੇ ਨੇ

ਕੁਝ ਲੋਕ ਵਸਾਉਂਦੇ ਨੇ
ਅੱਖਾਂ ਵਿਚ ਕਿਸੇ ਨੂੰ ਕਜਲੇ ਵਾਂਗ
ਤੇ ਜਦ ਨਵਾਂ ਕਜਲਾ ਪਾਉਣਾ ਹੋਵੇ
ਪੁਰਾਣਾ ਧੋ ਦਿੰਦੇ ਨੇ

ਕੁਝ ਲੋਕ ਵਸਾਉਂਦੇ ਨੇ
ਅੱਖਾਂ ਵਿਚ ਕਿਸੇ ਨੂੰ ਅੱਥਰੂ ਵਾਂਗ
ਤੇ ਜੇ ਉਸ ਕਾਰਨ
ਕੋਈ ਮੁਸੀਬਤ ਆ ਜਾਵੇ
ਤਾਂ ਰੋਣ ਦਾ ਬਹਾਨਾ ਜਿਹਾ ਬਣਾ
ਬਾਹਰ ਸੁੱਟ ਦਿੰਦੇ ਨੇ

## ਬੁੱਧ ਤੋਂ ਉਰ੍ਹੇ

ਜਦ ਕਦੇ ਹੋਸ਼ ਫੇਰਾ ਪਾਉਂਦੀ ਹੈ
ਤਾਂ ਇਕ ਲੰਮੀ ਬਿਮਾਰੀ ਨਜ਼ਰ ਆਉਂਦੀ ਹੈ
ਜੀਹਦਾ ਪਤਾ ਨਾ ਲੱਗੇ
ਕਿਧਰੋਂ ਆਈ
ਕਿੰਨੀ ਦੇਰ ਰਹੇਗੀ

ਬੜਾ ਵੱਡਾ ਹਸਪਤਾਲ
ਡਾਕਟਰ ਕੋਈ ਨਹੀਂ
ਅੱਧੇ ਮਰੀਜ਼ਾਂ ਦੀ ਹਾਏ ਹਾਏ ਸੁਣ ਕੇ
ਅੱਧਿਆਂ ਵੱਲੋਂ ਹਾ... ਹਾ...

ਫਿਰ ਜਾਪਦਾ
ਪੁਰਖਿਆਂ ਦੀ ਬੇਹੋਸ਼ੀ ਨੇ ਹੀ
ਇਸ ਬਿਮਾਰੀ ਦਾ ਨਾਂ 'ਉਮਰ' ਧਰਿਆ ਹੋਵੇਗਾ
ਤਾਂ ਹੀ ਤਾਂ ਇਕੋ-ਇਕ ਸ਼ਰਾਪ :
'ਰੱਬ ਤੇਰੀ ਉਮਰ ਲੰਮੀ ਕਰੇ' ਦਾ
ਅਦਾਨ-ਪ੍ਰਦਾਨ ਸ਼ੁਰੂ ਕਰਿਆ ਹੋਵੇਗਾ

ਇਸ ਹੋਸ਼ ਦੀ ਨਜ਼ਰ ਤੋਂ ਡਰਕੇ
ਮੈਂ ਘਬਰਾ ਜਾਂਦਾ ਹਾਂ
ਕਿਧਰੇ ਇਹ ਹੋਛੀ ਜਿਹੀ ਨਜ਼ਰ
ਮੇਰੀ ਉਂਗਲ ਫੜ੍ਹ ਕੇ
ਗਯਾ ਦੇ ਬਿਰਛ ਤਕ ਨਾ ਲੈ ਜਾਵੇ



ਇਸ ਹੋਸ਼ ਨੂੰ ਭੈੜਾ ਸੁਪਨਾ ਸਮਝ ਕੇ
ਮੈਂ ਯਸ਼ੋਧਰਾ ਤੇ ਰਾਹੁਲ ਦੇ ਵਿਚਕਾਰ ਪੈ ਕੇ
ਪਿਤਾ ਦੀ ਜਾਇਦਾਦ 'ਤੇ ਜਲਦੀ ਕਬਜ਼ਾ ਕਰਨ ਦੀਆਂ
ਵਿਉਂਤਾਂ ਲਾਉਣ ਲੱਗਦਾਂ।

## ਸਾਹਾਂ ਦਾ ਕੇਕ

ਹਰ ਜਨਮ-ਦਿਨ 'ਤੇ ਕੱਟਿਆ ਸਾਹਾਂ ਦਾ ਕੇਕ
ਆਖ਼ਰ ਮੁੱਕ ਜਾਂਦਾ
ਉਮਰ-ਬਿਰਖ ਦਾ ਮੁੱਢ
ਜਨਮ-ਦਿਨਾਂ ਦਾ ਪੰਛੀ
ਕਿਸ਼ਤਾਂ ਵਿਚ ਆ ਆ ਟੁੱਕ ਜਾਂਦਾ

ਜਨਮ-ਦਿਨ ਮਨਾਉਣ ਲਈ
ਹੱਸਣ-ਨੱਚਣ ਲਈ
ਕੱਠੀਆਂ ਹੋਈਆਂ ਮੂਰਤਾਂ

ਸਾਹਾਂ ਦੇ ਕੇਕ ਦਾ ਖ਼ਾਤਮਾ ਸੁਣ
ਮਨੋਰੰਜਨ-ਸਾਧਨਾਂ ਦੀ ਮੁਸ਼ਕਲ ਨਾਲ
ਜ਼ੁਬਾਨ ਰੋਕਦੀਆਂ
ਚਾਹੇ ਅਣਚਾਹੇ ਹੰਝੂਆਂ ਦਾ
ਲੈਣ-ਦੇਣ ਕਰਦੀਆਂ
ਸ਼ੋਕ-ਮਤਿਆਂ ਲਈ
ਉਧਾਰੇ ਸ਼ਬਦ ਟੋਲਦੀਆਂ

"ਜਿੰਨੀ ਲਿਖੀ ਓਨੀ ਭੋਗ ਲਈ"
"ਰੱਬ ਵੀ ਚੰਗਿਆਂ ਨੂੰ ਛੇਤੀ ਲੈ ਜਾਂਦਾ"
"ਡਾਹਢੇ ਅੱਗੇ ਕਾਹਦਾ ਜ਼ੋਰ?"



ਆਖਦੀਆਂ
ਆਪਣੇ ਆ ਰਹੇ ਜਨਮ-ਦਿਨਾਂ ਦੀ
ਤਿਆਰੀ ਕਰਦੀਆਂ

ਸਾਹਾਂ ਦਾ ਕੇਕ ਕਿਸ਼ਤਵਾਰ ਕੱਟ ਕੇ
ਹੱਸਦੀਆਂ ਨੱਚਦੀਆਂ
ਤੇ ਪੂਰਾ ਕੱਟ ਜਾਣ 'ਤੇ
ਰੋਂਦੀਆਂ, ਹਉਕੇ ਭਰਦੀਆਂ
ਇਹ ਮੂਰਤਾਂ

## ਗੁਨਾਹ ਤੇ ਗੁਨਾਹਗ਼ਾਰ

ਇਕ ਨੇ ਦੂਜੇ ਨੂੰ ਮਾਰ ਦਿੱਤਾ
ਸਜ਼ਾ-ਏ-ਮੌਤ ਹੋ ਗਈ

ਇਕ ਦੇਸ਼ ਦੇ ਨੇ ਦੂਜੇ ਦੇਸ਼ ਦੇ ਨੂੰ ਮਾਰ ਦਿੱਤਾ
ਪਰਮਵੀਰ ਦੀ ਉਪਾਧੀ ਮਿਲ ਗਈ

ਇਕ ਧਰਮ ਦੇ ਨੇ ਦੂਜੇ ਧਰਮ ਦੇ ਨੂੰ ਮਾਰ ਦਿੱਤਾ
ਗਲ ਵਿਚ ਫ਼ੁੱਲਾਂ ਦੇ ਹਾਰ ਤੇ
ਕੌਮ ਦੀ ਸਰਦਾਰੀ ਮਿਲ ਗਈ।



## ਬਿਮਾਰ ਖ਼ੁਦਾ

ਅਸੀਂ ਤਾਂ ਅੱਖਾਂ ਮੀਟ ਕੇ
ਬੰਦਗ਼ੀ ਕਰਦੇ ਰਹੇ
ਜਦੋਂ ਅੱਖਾਂ ਖੋਲ੍ਹੀਆਂ
ਤਾਂ ਝੋਲੀ ਵਿਚ ਬਿਮਾਰੀਆਂ ਦਾ ਢੇਰ ਸੀ

ਇਹ ਤਾਂ ਪਤਾ ਚੱਲਿਆ
ਅੱਖਾਂ ਖੋਲ੍ਹ ਕੇ
ਜਿਸ ਨੂੰ ਸਿਜਦੇ ਕਰਕੇ ਰਹੇ
ਉਹ ਖ਼ੁਦਾ ਹੀ ਬਿਮਾਰ ਸੀ।

## ਦੋਸਤੀ ਤੇ ਦੁਸ਼ਮਣੀ

ਦੋਸਤੀ ਤੇ ਦੁਸ਼ਮਣੀ-
ਦੋ ਟੁੱਟੇ ਛੱਪਰਾਂ ਵਾਲੀਆਂ ਝੌਂਪੜੀਆਂ
ਜੋ ਸਾਰੀ ਉਮਰ ਤਾਜਮਹੱਲ ਦਾ ਝਉਲਾ
ਦੇਂਦੀਆਂ ਰਹਿੰਦੀਆਂ

ਦੋਸਤੀ ਤੇ ਦੁਸ਼ਮਣੀ
ਦੋ ਅਧੂਰੀਆਂ ਚਾਦਰਾਂ
ਜਿਨ੍ਹਾਂ ਨਾਲ
ਸਿਰ ਢਕਦਿਆਂ ਪੈਰ ਨੰਗੇ ਹੋ ਜਾਂਦੇ
ਤੇ ਪੈਰ ਢਕਦਿਆਂ ਸਿਰ

ਦੋਸਤ ਤੇ ਦੁਸ਼ਮਣ
ਐਵੇਂ ਉਮਰ ਭਰ
ਤਾਜਮਹੱਲਾਂ ਦੇ
ਪੂਰੀਆਂ ਚਾਦਰਾਂ ਦੇ
ਦਾਅਵੇ ਕਰਦੇ ਰਹਿੰਦੇ ਨੇ।



## ਪਤੀ-ਪਤਨੀ

ਪਤੀ-ਪਤਨੀ
ਦੋ ਸੈਕਿੰਡ-ਹੈਂਡ ਪੁਰਜ਼ੇ
ਜੋ
ਕਬੀਲਦਾਰੀ ਦੀ ਮਸ਼ੀਨ
ਚਲਾਉਣ ਲਈ
ਰਿਜ਼ਰਵ ਰੱਖੇ ਜਾਂਦੇ ਨੇ।

## ਰਿਸ਼ਤੇ

ਰਿਸ਼ਤੇ ਚਾਰੇ ਪਾਸਿਓਂ ਘਸੀ, ਟੁੱਟੀ
ਤੇ ਪੁਰਾਣੀ ਜੁੱਤੀ
ਜੀਹਨੂੰ ਪਹਿਣਨ-ਯੋਗ ਬਣਾਉਣ ਲਈ
ਹਰ ਵਾਰ
ਆਪਣੀ ਚਮੜੀ ਦੀਆਂ ਟਾਕੀਆਂ ਲਾਉਣੀਆਂ ਪੈਂਦੀਆਂ।



## ਵਿਸ਼ਵਾਸ

ਵਿਸ਼ਵਾਸ!
ਵਿਸ਼ਵਾਸ ਤਾਂ ਰਾਜੇ ਭਰਥਰੀ ਦੁਆਰਾ
ਆਪਣੀ ਰਾਣੀ ਨੂੰ ਦਿੱਤਾ ਹੋਇਆ
ਉਹ ਅਮਰਫ਼ਲ ਹੈ
ਜੋ ਕਈ ਹੱਥਾਂ 'ਚੋਂ ਹੁੰਦਾ ਹੋਇਆ
ਰਾਜੇ ਕੋਲ ਦੁਬਾਰਾ ਆ ਕੇ
ਉਸਨੂੰ ਰਾਜਗੱਦੀ ਤੋਂ
ਵੈਰਾਗੇ ਜੰਗਲਾਂ ਤਕ
ਨੰਗੇ ਪੈਰੀਂ ਤੋਰਦਾ ਹੈ।

## ਪਹਿਰ

ਸੁਬ੍ਹਾ ਕੋਇਲ ਦੀ ਕੂਕ
ਦਿਨ ਚੜ੍ਹੇ ਤੋਤਿਆਂ ਦੀ ਸਿੱਖੀ ਹੋਈ
ਰਾਮ-ਰਾਮ, ਚੂਰੀ-ਚੂਰੀ ਦੀ ਰਟਨ
ਦੁਪਹਿਰ ਨੂੰ ਆਪਣੇ 'ਚ ਗੁੰਮ-ਸੁੰਮ
ਦੁਪਹਿਰ ਢਲੀ 'ਤੇ ਬੇਸੁਰੀ ਬੰਸਰੀ
ਸ਼ਾਮ ਨੂੰ ਕੁੱਤਿਆਂ ਦਾ ਭੌਂਕਣਾ

ਬਹੁਤੇ ਦਿਨਾਂ ਦੇ ਹਿੱਸੇ
ਇਹੀ ਪਹਿਰ ਆਉਂਦੇ ਨੇ



## ਗ਼ਲਤਫਹਿਮੀ

ਤੋੜ ਕੇ ਮੈਨੂੰ ਮੇਰੇ ਅੰਬਰ 'ਤੋਂ
ਉਹ ਧਰਤੀ 'ਤੇ ਬੈਠੇ ਸੋਚਦੇ ਰਹੇ,
"ਆਖ਼ਰ ਤਾਂ ਡਿੱਗੇਗਾ ਉਹ ਸਾਡੀ ਝੋਲੀ ਵਿਚ"

ਉਹ ਨਹੀਂ ਜਾਣਦੇ;
ਤਾਰੇ ਟੁੱਟ ਕੇ
ਕਿਸੇ ਦੀ ਝੋਲੀ ਵਿਚ ਨਹੀਂ ਡਿੱਗਦੇ।

## ਇਰਾਦਾ

ਪਿਆਸਿਆਂ ਲਈ
ਖੂਹ ਪੁੱਟ ਰਹੇ ਸਾਂ

ਪਾਣੀ ਨਿਕਲਣ ਹੀ ਵਾਲਾ ਸੀ
ਇਰਾਦਾ ਬਦਲ ਗਿਆ

ਪੁੱਟੇ ਟੋਇਆਂ ਨੂੰ
ਕਬਰਾਂ ਦੀ ਸ਼ਕਲ ਦੇ ਦਿੱਤੀ
ਤੇ ਉਹਨਾਂ ਸਿਰਹਾਣੇ ਬੈਠ ਕੇ
ਮੁਰਦਿਆਂ ਦੀ ਉਡੀਕ ਕਰਨ ਲੱਗੇ।



## ਦੁਬਿਧਾ

ਇਕ ਅਦਿੱਖ ਚਾਣਕੀਆ
ਮੇਰੇ ਮਨ ਦੇ ਚੰਦਰਗੁਪਤ ਨੂੰ
ਰੋਜ਼ ਉਪਦੇਸ਼ ਦਿੰਦਾ ਰਿਹਾ

ਪਰ
ਮੇਰੇ ਮਨ ਦਾ ਚੰਦਰਗੁਪਤ
ਸਮਰਾਟ ਨਾ ਬਣ ਸਕਿਆ

ਇਹੀ ਸੋਚਦਾ ਰਿਹਾ
"ਇਹਨਾਂ ਉਪਦੇਸ਼ਾਂ ਦੀ
ਕੋਈ ਹੋਂਦ ਵੀ ਹੈ
ਜਾਂ ਕੰਨਾਂ ਨੂੰ ਹੀ ਭੁਲੇਖਾ ਪਈ ਜਾਂਦਾ।"

## ਸਮਝੌਤਾ

ਮੈਂ ਨਦੀ ਕਿਨਾਰੇ ਖੜ੍ਹਾ ਹੋ ਪੁੱਛਣ ਲੱਗਾ
"ਐ ਨਦੀ!
ਮੈਂ ਤੇਰੇ ਵਿਚ ਤਾਂ ਹੀ ਨਹਾਵਾਂਗਾ
ਜੇ ਤੇਰਾ ਪਾਣੀ ਸੁੱਚਾ ਹੋਵੇ
ਪਹਿਲਾਂ ਕੋਈ ਨਹਾਤਾ ਨਾ ਹੋਵੇ।"

ਨਦੀ ਨੇ ਕਿਹਾ
"ਮੈਂ ਤੈਨੂੰ ਫਿਰ ਨੁਹਾਵਾਂਗੀ
ਜੇ ਤੂੰ ਪਹਿਲਾਂ ਹੋਰ ਕਿਸੇ
ਨਦੀ ਵਿਚ ਨਾ ਨਹਾਤਾ ਹੋਵੇਂ।"

ਫਿਰ ਮੈਂ ਤੇ ਨਦੀ ਇਕ ਦੂਜੇ ਦੀ
ਸੁੱਚਮ ਨਾ ਪੁੱਛ ਸਕੇ।



## ਸਲਾਹ

ਮੈਂ ਉਹਨਾਂ ਦੇ ਘਰ ਗਿਆ ਹੁੰਦਾ
ਤਾਂ ਉਹ ਮੇਰੇ ਘਰ ਪਹੁੰਚੇ ਹੁੰਦੇ
ਉਹ ਮੇਰੇ ਘਰ ਆਏ ਹੁੰਦੇ ਤਾਂ
ਮੈਂ ਉਹਨਾਂ ਦੇ ਘਰ ਪਹੁੰਚਿਆ ਹੁੰਦਾ
ਇਹ ਸਿਲਸਿਲਾ ਲੰਮਾ ਚੱਲਿਆ

ਇਕ ਫ਼ਕੀਰ ਤੋਂ ਪੁੱਛਿਆ,
"ਸਾਡਾ ਮਿਲਣ ਕਿਉਂ ਨਹੀਂ ਹੁੰਦਾ?"
ਫ਼ਕੀਰ ਨੇ ਕਿਹਾ,
"ਦੋਵੇਂ ਆਪਣੇ ਆਪਣੇ ਘਰ ਛੱਡ ਦਿਓ।"

## ਮੇਰੇ ਤੇਰੇ ਸੁਪਨੇ

ਮੈਂ ਆਪਣੀ ਸਵੇਰ ਦਾ ਸੁਪਨਾ
ਰੋਜ਼ ਤੈਨੂੰ ਪੋਸਟ ਕਰਦਾ ਰਿਹਾ
ਤੇ ਉਡੀਕ ਕਰਦਾ ਰਿਹਾ
ਤੇਰੇ ਜਵਾਬੀ ਦੁਪਹਿਰ ਭਰੇ ਖ਼ਤ ਦੀ

ਜਦ ਤੇਰੀ ਕੋਈ ਦੁਪਹਿਰ
ਮੇਰੇ ਤਕ ਨਾ ਪਹੁੰਚੀ
ਤਾਂ ਮੈਂ ਵੀ ਸਵੇਰਾਂ ਦੇ ਸੁਪਨੇ
ਪੋਸਟ ਕਰਨੇ ਬੰਦ ਕਰ ਦਿੱਤੇ

ਐਵੇਂ ਡਾਇਰੀਆਂ, ਸਫ਼ਰਨਾਮੇ
ਸਵੈ-ਜੀਵਨੀਆਂ ਬਣ ਜਾਣਗੇ
ਤੇ ਫਿਰ ਮੈਥੋਂ ਤੇ ਤੈਥੋਂ
ਦੂਰ ਹੋ ਜਾਣਗੇ।



## ਵੈਲਨਟਾਈਨਜ਼ ਡੇ

'ਵੈਲਨਟਾਈਨਜ਼ ਡੇ' ਦੇ ਕੁਝ ਫੁੱਲ
ਮੈਂ ਹਵਾ ਹੱਥ ਫੜਾ ਦਿੱਤੇ ਹਨ
ਤਾਂ ਜੋ
ਤੂੰ ਇਹਨਾਂ ਦੀ ਆਜ਼ਾਦੀ ਦੀ ਖ਼ੁਸ਼ਬੋ
ਆਜ਼ਾਦੀ ਨਾਲ ਲੈ ਸਕੇਂ

ਇਹ ਫੁੱਲ
ਫੜਾ ਤਾਂ ਤੈਨੂੰ ਹੱਥ ਵਿਚ ਵੀ ਸਕਦਾ ਸੀ
ਪਰ ਫ਼ੁੱਲਾਂ ਨੂੰ ਹੱਥਾਂ ਵਿਚ ਰੱਖਣਾ
ਸੁਗੰਧੀਆਂ ਦਾ ਗਲਾ ਘੁੱਟਣਾ ਹੈ

ਮੈਂ ਆਜ਼ਾਦ ਫ਼ੁੱਲਾਂ ਨੂੰ
ਆਜ਼ਾਦ ਹਵਾ ਹੱਥ
ਤੇਰੇ ਵੱਲ ਭੇਜ ਕੇ ਵੇਖਾਂਗਾ
ਕਿਸ ਕਿਸ ਦੀ ਕੰਡਿਆਲੀ ਨਜ਼ਰ
ਇਹਨਾਂ ਦਾ ਕਤਲ ਕਰਦੀ ਹੈ
ਤਾਂ ਜੋ
ਅਗਲੇ 'ਵੈਲਨਟਾਈਨਜ਼ ਡੇ' ਤੱਕ ਦਾ ਪੂਰਾ ਸਾਲ
ਉਹਨਾਂ ਕੰਡਿਆਲੀਆਂ ਨਜ਼ਰਾਂ 'ਚੋਂ
ਕੰਡੇ ਚੁਗ ਕੇ ਗੁਜ਼ਾਰਾਂ

## ਬੁਲਬੁਲ ਤੇ ਕਾਂ

ਬੁਲਬੁਲ ਨੂੰ ਕਾਂ ਦੀ ਬੋਲੀ ਸਿੱਖਦਿਆਂ ਵੇਖ
ਮੈਂ ਪੁੱਛਿਆ, "ਆਪਣੇ ਮਿੱਠੇ ਬੋਲ ਕਦੋਂ ਸੁਣਾਏਂਗੀ?"

ਬੁਲਬੁਲ ਨੇ ਕਿਹਾ,
"ਕਾਂ ਮੈਨੂੰ ਪ੍ਰੇਮ ਕਰਦਾ
ਮੈਂ ਵੀ ਹੁਣ ਉਸ ਦੇ ਪ੍ਰੇਮ ਵਿਚ ਗੁਆਚ
ਉਸੇ ਜਿਹਾ ਹੋਣਾ ਲੋਚਦੀ ਹਾਂ
ਆਪਣਾ ਸਭ ਕੁਝ ਭੁੱਲ-ਭੁਲਾ
ਉਸ ਵਾਂਗ ਬੋਲਣਾ ਸਿੱਖਦੀ
ਤੇ ਉਸੇ ਬਾਰੇ ਸੋਚਾਂ ਸੋਚਦੀ ਹਾਂ।"

ਮੈਂ ਵੇਖਿਆ :
ਜਦੋਂ ਬੁਲਬੁਲ ਪੂਰੀ ਤਰ੍ਹਾਂ
ਕਾਂ ਵਾਂਗ ਬੋਲਣ ਲੱਗ ਪਈ
ਤਾਂ ਕਾਂ ਉਹਨੂੰ ਛੱਡ ਕੇ
ਹੋਰ ਬੁਲਬੁਲ ਢੂੰਡਣ ਲੱਗਾ।



## ਹੁਕਮਰਾਨ ਨੂੰ

ਤੂੰ ਵੱਧ ਤੋਂ ਵੱਧ ਸਾਡੇ ਦਰਮਿਆਨ
ਆਪਣੇ ਮੱਥੇ ਦੀਆਂ ਤਿਊੜੀਆਂ ਜਿੰਨੀਆਂ ਹੀ
ਦਰਾੜਾਂ ਪਾ ਸਕਦੈਂ
ਕੋਈ ਬਹੁਤੀਆਂ ਨਹੀਂ

ਅਸੀਂ ਜਿੰਨੇ ਜੋਗੇ ਵੀ ਹਾਂ
ਇਹਨਾਂ ਦਰਾੜਾਂ ਨੂੰ
ਆਪਣੇ ਖ਼ੂਨ ਤੇ ਪਸੀਨੇ ਨਾਲ ਭਰ ਲਵਾਂਗੇ
ਤੇ ਫਿਰ ਸਾਂਝੇ ਹੋ ਜਾਵਾਂਗੇ

ਤੇਰੇ ਤੋਂ ਕੁਝ ਨਾ ਮੰਗਾਂਗੇ
ਤੇਰੇ ਤੋਂ ਕੁਝ ਮੰਗਣਾ
ਅਮਰਵੇਲ ਤੋਂ ਬਿਰਖ ਦੀ
ਹਿਫ਼ਾਜ਼ਤ ਮੰਗਣ ਦੇ ਤੁਲ ਹੈ।

## ਵੋਟਰਾਜ

ਵੋਟਰਾਜ
ਕੁੱਤੇ ਦੇ ਪੂਛ ਹਿਲਾਉਣ ਤੋਂ ਲੈ ਕੇ
ਭੌਂਕਣ ਤਕ ਦਾ ਸਫ਼ਰ

ਦੂਜੇ ਦੇ ਮੂੰਹੋਂ ਹੱਡੀ ਖੋਹਣ ਦੀ
ਉਮਰ-ਭਰ ਦੀ ਕੋਸ਼ਿਸ਼

ਰਾਜ-ਪਟਾ ਗਲ਼ 'ਚ ਪੈਂਦਿਆਂ ਹੀ
ਹਲਕਣਾ, ਵੱਢਣਾ
ਰਿਸਦੇ ਜ਼ਖਮਾਂ 'ਚੋਂ ਖ਼ੂਨ ਚੂਸਣਾ
ਆਉਣ ਵਾਲੀਆਂ ਨਸਲਾਂ ਲਈ
ਜਮ੍ਹਾਂ ਕਰਨਾ...



## ਮੁਰਗੀਆਂ

ਸਾਡਾ ਪਹਿਲਾ ਮਾਲਕ
ਸਾਨੂੰ ਕੁੜ ਕੁੜ ਨਹੀਂ ਕਰਨ ਦਿੰਦਾ ਸੀ

ਜੇ ਕਰਦੀਆਂ ਸਾਂ
ਤਾਂ ਮਾਰ ਦਿੰਦਾ ਸੀ
ਜਦ ਉਸਦਾ ਦਿਲ ਕਰਦਾ
ਸਾਨੂੰ ਖਾ ਜਾਂਦਾ ਸੀ

ਤੇ ਨਵਾਂ ਮਾਲਕ ਸਾਨੂੰ ਖੁੱਡੇ ਵਿਚ ਰੱਖੇਗਾ
ਸਾਡੀ ਕੁੜ ਕੁੜ 'ਤੇ ਪਾਬੰਦੀ ਤਾਂ ਨਹੀਂ ਲਗਾਵੇਗਾ
ਰੋਜ਼ ਸਾਡੇ ਆਂਡੇ ਲੈ ਕੇ ਜਾਵੇਗਾ
ਸ਼ਾਇਦ ਸਾਨੂੰ ਨਹੀਂ ਖਾਵੇਗਾ

ਅਸੀਂ ਨੱਚਦੀਆਂ ਹਾਂ
ਅਜਿਹੇ ਮਾਲਕ ਦੇ ਸਵਾਗਤ ਲਈ
ਅਸੀਂ ਨਵੇਂ ਯੁਗ ਦੀਆਂ
ਸਿਆਣੀਆਂ ਮੁਰਗੀਆਂ ਹਾਂ।

## ਵਿਡੰਬਨਾ

ਇਕ ਪਿੰਜਰੇ ਕੋਲੋਂ ਗੁਜ਼ਰਦਿਆਂ
ਮੈਂ ਦੋ ਪੰਛੀਆਂ ਦੇ ਕੈਦੀ ਜੀਵਨ ਦਾ
ਵਿਰਲਾਪ ਸੁਣਨਾ ਚਾਹਿਆ

ਮੈਂ ਰੁਕਿਆ
ਮੇਰੇ ਵੱਲ ਇਸ਼ਾਰਾ ਕਰਕੇ ਇਕ ਨੇ ਦੂਜੇ ਨੂੰ ਕਿਹਾ,
ਔਹ ਵੇਖ ਵਿਚਾਰਾ ਰਾਹਾਂ ਦੇ ਵਿਚ ਭਟਕਦਾ ਫਿਰਦਾ
"ਮੰਜ਼ਿਲ ਬਾਝੋਂ ਅੱਧ-ਵਿਚਾਲੇ ਅਟਕਦਾ ਫਿਰਦਾ"
ਦੂਜੇ ਨੇ ਕਿਹਾ,
"ਪਾਪੀ ਹੋਵੇਗਾ ਪਿਛਲੇ ਜਨਮਾਂ ਦਾ
ਮਾਰਿਆ ਹੋਵੇਗਾ ਆਪਣੇ ਕਰਮਾਂ ਦਾ"

"ਤੇ ਫਿਰ ਅੱਖਾਂ ਬੰਦ ਕਰਕੇ
ਦੋਵੇਂ ਗਾਉਣ ਲੱਗ ਪਏ"
"ਘਰ ਦੇ ਬਾਝੋਂ ਕਾਹਦੀ ਹੁੰਦੀ ਏ ਜ਼ਿੰਦਗੀ
ਇਸ ਤਰ੍ਹਾਂ ਦੇ ਮਹਿਲ ਲਈ ਬੜੀ ਕਰਨੀ ਪੈਂਦੀ ਬੰਦਗ਼ੀ।"



## ਕਵੀ ਤੇ ਕਵਿਤਾ

"ਨਾ ਇਹ ਵੇਖੂ ਨਾ ਫਿਰ ਬੋਲੂ
ਲਿਖੂ ਨਾ ਫਿਰ ਕਵਿਤਾਵਾਂ
ਬੰਦੀਵਾਨ ਬਣਾ ਕੇ
ਇਹਦੀਆਂ ਅੱਖਾਂ ਦੇਵੋ ਭੰਨ"

ਹੱਸ ਕੇ ਕਿਹਾ ਕਵੀ ਨੇ,
"ਯਾਰੋ, ਕਿਉਂ ਬਣਦੇ ਹੋ ਮੂਰਖ!
ਚਾਰ ਨੇਤਰਾਂ ਵਾਲਾ
ਸਾਡੇ ਦਿਲ ਵਿਚ ਚੜ੍ਹਦਾ ਚੰਨ।"

## ਮਾਏ ਨੀਂ

ਮਾਏ ਨੀਂ ਤੂੰ ਸਭ ਤੋਂ ਨੇੜੇ
ਤੈਂ ਸੰਗ ਦਿਲ ਦੀਆਂ ਫੋਲਾਂ
ਜੱਗ ਨੇ ਹੋਂਠੀਂ ਗੰਢਾਂ ਦਿੱਤੀਆਂ
ਤੇਰੇ ਸਾਹਵੇਂ ਖੋਲ੍ਹਾਂ

ਮਾਏ ਨੀਂ ਮੈਂ ਵੇਖ ਲਿਆ ਏ
ਜੱਗ ਤੇਰੇ ਵਿਚ ਜੀਅ ਕੇ
ਹਰ ਕੋਈ ਏਥੇ ਪਾਊਡਰ ਲਾਵੇ
ਦੂਜੇ ਦੇ ਹੱਡ ਪੀਹ ਕੇ

ਮਾਏ ਨੀਂ ਮੈਂ ਨਾਲ ਸੁਰੇਸ਼ਾਂ
ਕਿੰਜ ਪੱਥਰਾਂ ਨੂੰ ਜੋੜਾਂ
ਰੋਜ਼ ਹੀ ਟੁੱਟੀ ਆਸ ਦਾ ਨਿੰਬੂ
ਖ਼ਾਬਾਂ ਵਿਚ ਨਿਚੋੜਾਂ

ਮਾਏ ਮੈਂ ਸਧਰਾਂ ਦੀ ਮਾਲਾ
ਮੁੜ ਮੁੜ ਗਲ ਵਿਚ ਪਾਵਾਂ
ਨਿੱਤ ਦਿਹਾੜੇ ਟੁੱਟਦੇ ਮਣਕੇ
ਨੈਣਾਂ ਵਿਚ ਛੁਪਾਵਾਂ

ਮਾਏ ਨੀਂ ਮੈਂ ਪਲਕਾਂ ਹੇਠਾਂ
ਪੁੰਨਿਆ ਚੰਨ ਲੁਕਾਇਆ
ਹੰਝੂ ਬਣ ਕੇ ਡੁੱਲ੍ਹ ਗਿਆ
ਜਦ ਮੌਸਮ ਕਹਿਰੀ ਆਇਆ



ਮਾਏ ਨੀਂ ਮੇਰੇ ਸੁਪਨ–ਬਿਰਖ ਦੇ
ਰੋਜ਼ ਸ਼ਿਗੂਫੇ ਟੁੱਟਣ
ਆਸ ਦੇ ਸੋਹਣੇ ਮੁਖੜੇ ਉੱਤੇ
ਕਿੱਲ ਕੰਡਿਆਲੇ ਫੁੱਟਣ

ਮਾਏ ਨੀਂ ਕਿਉਂ ਜੋਬਨ ਰੁੱਤੇ
ਜਾਂਦੇ ਬਾਗ ਉਜਾੜੇ
ਫ਼ੁੱਲਾਂ ਤੇ ਕਲੀਆਂ ਦੇ ਮੁੱਢੀਂ
ਪੈ ਜਾਂਦੇ ਕਿਉਂ ਪਾੜੇ!

ਮਾਏ ਨੀਂ ਮੈਂ ਅੱਧੀ ਰਾਤੀਂ
ਤਾਰਿਆਂ ਦੇ ਵੱਲ ਵੇਖਾਂ
ਜਦ ਵੀ ਕੋਈ ਤਾਰਾ ਟੁੱਟੇ
ਮੈਂ ਲੇਖਾਂ ਵੱਲ ਦੇਖਾਂ।

ਮਾਏ ਨੀਂ ਦੱਸ ਕੌਣ ਬਣਾਵੇ
ਇਹ ਹੱਥਾਂ ਦੀਆਂ ਲੀਕਾਂ
ਚਾਰ ਦਿਨਾਂ ਦੀ ਜ਼ਿੰਦਗੀ ਪੱਲੇ
ਵਰ੍ਹਿਆਂ ਦੀਆਂ ਉਡੀਕਾਂ

ਮਾਏ ਨੀਂ ਕਿਉਂ ਕਿੱਕਰਾਂ ਉੱਗਣ
ਬੀਜਾਂ ਜਿੱਥੇ ਦਾਖਾਂ
ਮਹਿਕਾਂ ਦੀ ਰੁੱਤੇ ਹੀ ਸਾਡੀਆਂ
ਸੁੱਕ ਜਾਵਣ ਕਿਉਂ ਸ਼ਾਖਾਂ

ਮਾਏ ਨੀਂ ਕੋਈ ਸੱਦ ਮਾਂਦਰੀ
ਅੰਗ ਅੰਗ ਜ਼ਹਿਰਾਂ ਚੜ੍ਹੀਆਂ
ਅੱਜ ਰਸਮਾਂ ਦੀਆਂ ਸੱਪਣੀਆਂ
ਆ ਲੇਖੀਂ ਮੇਰੇ ਲੜੀਆਂ

ਮਾਏ ਨੀਂ ਜਿੰਦ ਸ਼ੀਸ਼ੇ ਵਰਗੀ
ਕਿਉਂ ਬਣ ਜਾਂਦੀ ਪੱਥਰ
ਸੋਹਲ ਸੀਨਿਆਂ ਦੇ ਵਿਚ ਕਿਹੜਾ
ਆਣ ਵਿਛਾਵੇ ਸੱਥਰ

ਮਾਏ ਨੀਂ ਇਸ ਜੱਗ ਤੇਰੇ ਤੋਂ
ਚੱਲਣ ਨੂੰ ਦਿਲ ਕਰਦਾ
ਏਥੇ ਮੇਰਾ ਸਿਦਕ ਭਰੋਸਾ
ਰੋਜ਼ ਹੀ ਸੂਲੀ ਚੜ੍ਹਦਾ

ਮਾਏ ਨੀਂ ਮੇਰਾ ਫ਼ਰਜ਼ ਨਿਭਾ ਕੇ
ਗ਼ਮ ਦੇ ਨਾਲ ਵਿਆਹ ਦੇ
ਕੁਝ ਹਉਕੇ ਕੁਝ ਹਾਅਵਾਂ ਸਿਉਂ ਕੇ
ਮੇਰਾ ਦਾਜ ਬਣਾ ਦੇ

ਮੌਤ–ਸਹੇਲੀ ਸੰਗ ਮੈਂ ਚਾਹਾਂ
ਚੁੰਨੀ ਅੱਜ ਵਟਾਵਾਂ
ਦੋਵੇਂ ਮਿਲਕੇ ਕੱਠੀਆਂ ਰਹੀਏ
ਉਮਰਾ ਪਰ੍ਹੇ ਹਟਾਵਾਂ

ਮੌਤੋਂ ਉਰ੍ਹੇ ਮੁਕਾਮ ਨਾ ਕੋਈ
ਕਿਉਂ ਕੋਈ ਲਵਾਂ ਸਹਾਰਾ
ਤੂੰ ਹੀ ਦੱਸਦੇ ਕਿੱਥੇ ਰਹਿਸੀ
ਅੰਬਰੋਂ ਟੁੱਟਿਆ ਤਾਰਾ।



## ਤੈਨੂੰ ਰੱਬ ਬਣਾਉਣਾ ਸੀ

ਬੇਕਦਰਿਆ ਸੱਜਣਾ ਵੇ
ਤੇਰਾ ਅੰਗ–ਸੰਗ ਰੱਖਿਆ ਚੇਤਾ
ਮੁੱਠੀਆਂ ਵਿਚ ਬੰਨ੍ਹੇ ਸੀ
ਤੇਰੇ ਵਾਅਦੇ ਬਣੇ ਬਰੇਤਾ

ਤੇਰੇ ਪਿਆਰ ਦੀ ਮੌਲੀ ਨੂੰ
ਬੰਨ੍ਹਿਆ ਉਮਰ ਦੀ ਵੀਣ੍ਹੀ ਉੱਤੇ
ਤੈਂ ਖ਼ਬਰਾਂ ਲਈਆਂ ਨਾ
ਸਾਡੇ ਬਖ਼ਤ ਰਹਿ ਗਏ ਸੁੱਤੇ

ਦੋ ਬੋਲ ਮੁਹੱਬਤ ਦੇ
ਵੇ ਸੱਜਣਾ ਗਏ ਨਾ ਤੈਥੋਂ ਬੋਲੇ
ਅਸਾਂ ਵਿਕਣਾ ਚਾਹਿਆ ਸੀ
ਕੋਈ ਪਿਆਰ ਦੀ ਤੱਕੜੀ ਤੋਲੇ

ਤੇਰੇ ਰਾਹਾਂ ਵਿਚ ਬਹਿਕੇ
ਨੈਣਾਂ ਦੀਦ ਤੇਰੀ ਸੀ ਕਰਨੀ
ਜ਼ਖ਼ਮਾਂ ਦੀ ਖਾਈ ਸੀ
ਤੇਰੀ ਕਦਮ–ਧੂੜ ਸੰਗ ਭਰਨੀ

ਤੈਨੂੰ ਰੱਬ ਬਣਾਉਣਾ ਸੀ
ਵੇ ਅੜਿਆ ਪਿਆਰ ਬਹਾਨਾ ਕਰਕੇ
ਅਸਾਂ ਦੁਨੀਆਂ ਛੱਡੀ ਸੀ
ਤੂੰ ਤਾਂ ਰਹਿ ਗਿਉਂ ਜੱਗ ਤੋਂ ਡਰਕੇ

ਸਾਡੀ ਪਹਿਲ-ਵਰੇਸੀ ਦੀ
ਤੈਥੋਂ ਜ਼ੁਲਫ਼ ਨਾ ਗਈ ਸੰਵਾਰੀ
ਤੇਰਾ ਪਿਆਰ ਤਾਂ ਬੇਹਾ ਸੀ
ਸਾਡੀ ਰੀਝ ਸੀ ਅਜੇ ਕੁਆਰੀ

ਤੇਰੀ ਚੁੱਪ ਦੀ ਰੇਤਾ ਨੇ
ਮੇਰੇ ਜੀਰ ਲਏ ਸਭ ਅੱਥਰ
ਸਾਡੀ ਆਸ ਦੇ ਸੀਨੇ 'ਤੇ
ਚਾਵਾਂ ਆਣ ਵਿਛਾਇਆ ਸੱਥਰ

ਤੈਨੂੰ ਚਾਹਤ ਦੱਸਣੀ ਸੀ
ਤੇਰੀ ਇਸ਼ਕ-ਅਗਨ 'ਤੇ ਸੜਕੇ
ਕਿਉਂ ਸੋਗੀ ਖ਼ਤ ਵਾਂਗੂੰ
ਮੈਨੂੰ ਪਾੜ ਦਿੱਤਾ ਤੂੰ ਪੜ੍ਹਕੇ।



## ਜਿੰਦ-ਕੁਆਰੀ

ਜਿੰਦ-ਕੁਆਰੀ ਅੰਬਰੋਂ ਟੁੱਟਦੇ
ਨਿੱਤ ਰੀਝਾਂ ਦੇ ਤਾਰੇ

ਖ਼ਾਬਾਂ ਦੀ ਟਹਿਣੀ 'ਤੇ ਬੁਲਬੁਲ
ਬੈਠੀ ਚੁੰਝ ਸੰਵਾਰੇ

ਉਮਰ-ਪਿਆਸੀ ਖੂਹ ਨਿੱਤ ਪੁੱਟੇ
ਪਾਣੀ ਨਿਕਲਣ ਖਾਰੇ

ਲੰਮੇ ਪੈਂਡੇ ਮੰਜ਼ਿਲ ਬਾਝੋਂ
ਤੁਰ ਤੁਰ ਆਖ਼ਰ ਹਾਰੇ

ਨਾ ਕਿਸੇ ਹੀਰ ਨੇ ਇੱਟਾਂ ਢੋਈਆਂ
ਨਾ ਰਾਂਝੇ ਨੇ ਗਾਰੇ

ਕੀਹਨੇ ਸੀ ਫਿਰ ਪਾ ਕੇ ਦੇਣੇ
ਇਸ਼ਕੇ ਤਾਈਂ ਚੁਬਾਰੇ।

## ਵਣਜ ਵਿਹਾਈ ਅੱਗ

ਵੇਖਣ ਲਈ ਘਰ ਫ਼ੂਕ ਤਮਾਸ਼ਾ
ਮੈਂ ਖ਼ਰੀਦੀ ਅੱਗ ਨੀਂ ਸਈਓ

ਅੱਜ ਹੋਈ ਮੈਨੂੰ ਉਮਰ ਮੁਬਾਰਕ
ਸੱਜਣ ਲੈ ਗਿਆ ਠੱਗ ਨੀਂ ਸਈਓ

ਬੂਰ ਦਿਲੇ ਦਾ ਮੈਂ ਛੱਟ ਸੁੱਟਿਆ
ਨੈਣਾਂ ਦੇ ਪਾ ਛੱਜ ਨੀਂ ਸਈਓ

ਰੂਹ ਮੇਰੀ ਅੱਜ ਸੁੱਚੀ ਹੋਈ
ਇਸ਼ਕੇ ਦਾ ਕਰ ਹੱਜ ਨੀਂ ਸਈਓ

ਪੀੜ ਪਰਾਈ ਭੁੰਨ ਖਾਵਣ ਦਾ
ਆ ਗਿਆ ਮੈਨੂੰ ਚੱਜ ਨੀਂ ਸਈਓ

ਅੱਖੀਆਂ ਦੇ ਖੂਹ ਗੇੜ ਨਹਾਈ
ਜੱਗ ਤੋਂ ਆਪਾ ਕੱਜ ਨੀਂ ਸਈਓ

ਸੱਜਣ ਦੇ ਦਰ ਜਾਵਨ ਖ਼ਾਤਰ
ਮੈਂ ਹੋਈ ਨਿਰਲੱਜ ਨੀਂ ਸਈਓ

ਜਦ ਸੱਜਣ ਗਲ ਲੱਗ ਕੇ ਮਿਲਿਆ
ਵਿੰਹਦਾ ਰਹਿਜੂ ਜੱਗ ਨੀਂ ਸਈਓ।



## ਲੋਹੜੀਏ ਨੀਂ

ਬੈਠ ਪਰ੍ਹੇ ਲੋਹੜੀਏ ਨੀਂ ਲੋਕਾਂ ਦੀਆਂ ਬੁੱਕਲਾਂ ’ਚ
ਚਾਹੀਦਾ ਨਾ ਸਾਨੂੰ ਤੇਰਾ ਸੇਕ
ਤੂੰ ਤਾਂ ਅੱਗ ਮੰਗੀ ਏ ਉਧਾਰੀ ਇਨ੍ਹਾਂ ਪਾਥੀਆਂ ਤੋਂ
ਅੱਗਾਂ ਨਾਲ ਭਰੇ ਸਾਡੇ ਲੇਖ

ਉਮਰ–ਨਿਆਣੀ ਤੋਂ ਹੀ ਜਿੰਦ ਉੱਤੇ ਬੰਦਸ਼ਾਂ ਦਾ
ਤਾਲ਼ਾ ਦਿੱਤਾ ਦੁਨੀਆਂ ਨੇ ਮਾਰ
ਉਦੋਂ ਤੋਂ ਹੀ ਸੁਲਘਣ ਲੱਖਾਂ ਅੱਗਾਂ ਸੀਨੇ ਵਿਚ
ਕੌਣ ਦੇਵੇ ਧੂਣੀਆਂ ਨੂੰ ਠਾਰ

ਰੀਝਾਂ ਦੀਆਂ ਸੰਦਲੀਆਂ ਲੱਕੜਾਂ ਨੂੰ ਅੱਗ ਲੱਗੀ
ਧੁਖ਼ੀ ਜਾਣ ਗਿੱਲੇ ਅਰਮਾਨ
ਦਰ ਦਰ ਜਾ ਕੇ ਅਸਾਂ ਮੰਗਣਾ ਨਾ ਤੇਰੇ ਵਾਂਗੂੰ
ਸੀਨੇ ਪਿਆ ਅੱਗਾਂ ਦਾ ਸਮਾਨ

ਸੋਚਾਂ ਦੇ ਅੰਗਾਰੇ ਨਿੱਤ ਹਰਫ਼ਾਂ ਦਾ ਜਾਮਾ ਪਾ ਕੇ
ਕਵਿਤਾ ਦੇ ਵਿਹੜੇ ਜਾ ਕੇ ਬਹਿਣ
ਪਾਣੀਆਂ ਦੀ ਗੱਲ ਕੋਲੋਂ ਨੱਠਦੇ ਨੇ ਦੂਰ ਤੋਂ ਹੀ
ਅੱਗਾਂ ਸੰਗ ਜਾ ਕੇ ਮੁੜ ਖਹਿਣ

ਸਾਹਾਂ ਦੇ ਇਹ ਤਿਲ ਦੱਸ ਕਿੱਥੇ ਕਿੱਥੇ ਸੁੱਟਾਂ ਨਿੱਤ
ਅੱਗਾਂ ਪਈਆਂ ਬਲਣ ਅਨੇਕ
ਹੋਣ ਜੇ ਰਿਉੜੀਆਂ ਤਾਂ ਝੋਲੀ ਭਰ ਵੰਡੀ ਜਾਵਾਂ
ਕੀਹਦੀ ਤਲੀ ਉੱਤੇ ਧਰਾਂ ਸੇਕ।

## ਆ ਬਿਰਖਾ

ਆ ਬਿਰਖਾ ਗਲ ਲੱਗ ਕੇ ਮਿਲੀਏ
ਰੋਈਏ ਜ਼ਾਰੋ-ਜ਼ਾਰੀ
ਮੇਰੇ ਸੀਨੇ ਤੇਰੇ ਮੁੱਢ 'ਤੇ
ਚੱਲੀ ਤੇਜ ਕਟਾਰੀ

ਮੇਰੇ ਦਿਲ ਵਿਚ ਤੇਰੇ ਟਾਹਣੀਂ
ਆਲ੍ਹਣੇ ਜਿਨ੍ਹਾਂ ਪਾਏ
ਆਇਆ ਮੌਸਮ ਪੱਤਝੜ ਵਾਲਾ
ਸਭ ਨੇ ਮੁਖ ਭਵਾਏ

ਮੇਰੇ ਜਿਗਰ 'ਚ ਤੇਰੀ ਜੜ੍ਹ ਵਿਚ
ਨਾਗ ਬਣਾਈ ਵਰਮੀ
ਤਾੜੀ ਮਾਰ ਮਾਂਦਰੀ ਹੱਸਣ
ਬਚਾਂਗੇ ਆਪਣੇ ਕਰਮੀਂ

ਮੇਰੇ ਸਿਰ 'ਤੇ ਤੇਰੇ ਪੱਤੀਂ
ਪੌਣ ਕਰ ਗਈ ਟੂਣੇ
ਰੀਝਾਂ ਸੀ ਅਸਮਾਨੋਂ ਉੱਚੀਆਂ
ਰਹਿ ਗਏ ਊਣੇ ਊਣੇ

ਆ ਬਿਰਖਾ ਹੁਣ ਦੂਰ ਕਿਤੇ ਜਾ
ਜੰਗਲ ਰੋਹੀ ਮੱਲੀਏ
ਆਪਣੇ ਤਾਂ ਸਭ ਦੇਖ ਲਏ ਨੇ
ਓਪਰਿਆਂ ਕੋਲ ਚੱਲੀਏ।



## ਛੱਡ ਬਿਰਖਾ

ਛੱਡ ਬਿਰਖਾ ਕੀ ਕਰਨਾ ਲੈ ਕੇ
ਰੁੱਤਾਂ ਦਾ ਸਿਰਨਾਵਾਂ
ਹੁਣ ਤਾਂ ਉਮਰ-ਤਕਾਲਾਂ ਢਲ਼ੀਆਂ
ਢਲ ਚੱਲਿਆ ਪਰਛਾਵਾਂ
ਧੂੜ ਪਈ ਹਰ ਪੱਤੇ ਪੱਤੇ
ਰੇਤਲੀਆਂ ਸੀ ਰਾਹਵਾਂ
ਇਹ ਕਿਸਦਾ ਹੈ ਨਾਮ ਲਿਆ
ਤੇਰੇ ਮੁੱਕਣ ਲੱਗੀਆਂ ਸਾਹਵਾਂ

ਛੱਡ ਬਿਰਖਾ ਕੀ ਚੇਤੇ ਕਰਨੇ
ਦਿੱਤੇ ਜ਼ਖ਼ਮ ਬਹਾਰਾਂ
ਵਿਚ ਰੋਹੀਆਂ ਦੇ ਖੜ੍ਹਾ ਰਹਿ ਗਿਓਂ
ਕਿਸੇ ਨਾ ਲਈਆਂ ਸਾਰਾਂ
ਮੁੜ ਗਈਆਂ ਹੁਣ ਵਤਨ ਪੀਆ ਦੇ
ਉਹ ਕੂੰਜਾਂ ਦੀਆਂ ਡਾਰਾਂ
ਟੁੱਟਗੇ ਰਿਸ਼ਤੇ ਚੁੱਕ ਲਈ ਡੋਲੀ
ਨਿਉਂ ਕੇ ਚਾਰ ਕਹਾਰਾਂ

ਛੱਡ ਬਿਰਖਾ ਕੀ ਲੈਣਾ ਲੱਭ ਕੇ
ਗੁਜ਼ਰ ਗਿਆਂ ਦੀਆਂ ਪੈੜਾਂ
ਡਾਲੀ ਡਾਲੀ ਨਾਗ ਪਲਮਦੇ
ਪੱਤਰ ਪੱਤਰ ਜ਼ਹਿਰਾਂ
ਉਮਰਾਂ ਦਾ ਸਰਮਾਇਆ ਮਿਲੀਆਂ
ਭਖ਼ਦੀਆਂ ਸਿਖ਼ਰ ਦੁਪਹਿਰਾਂ

ਮੰਗਦਾ ਰਹੀਂ ਤੂੰ ਸਦਾ ਸਾਈਂ ਤੋਂ
ਮੁੱਕਰ ਗਿਆਂ ਦੀਆਂ ਖ਼ੈਰਾਂ

ਚੱਲ ਬਿਰਖਾ ਹੁਣ ਬੈਠ ਉਡੀਕੀਂ
ਰੁੱਤ ਪੁਲਾਂਘਾਂ ਪੁੱਟੀਆਂ
ਠੰਡੀਆਂ ਹੋਸਨ ਤਪਦੀਆਂ ਕਿਰਨਾਂ
ਸਖ਼ਤ ਹੁਨਾਲੇ ਘੁੱਟੀਆਂ
ਭਰ ਜਾਵਣਗੇ ਜਖ਼ਮ ਪੁਰਾਣੇ
ਜਦੋਂ ਕਰੂੰਬਲਾਂ ਫੁੱਟੀਆਂ
ਖ਼ੈਰ ਕਰੇ ਸਾਡੇ ਦਿਲ ਦਾ ਸਾਈਂ
ਜੁੜ ਜਾਵਣਗੀਆਂ ਟੁੱਟੀਆਂ

ਭਰ ਜਾਵਣਗੇ ਦਿਲ ਦੇ ਸਰਵਰ
ਇਹ ਜੁ ਊਣੇ ਊਣੇ
ਮਿਟ ਜਾਏਗੀ ਪੀੜ ਪੁਰਾਣੀ
ਵਕਤ ਕਰੇਗਾ ਟੂਣੇ
ਮਹਿਕ ਪੈਣਗੇ ਬਾਗਾਂ ਅੰਦਰ
ਫੁੱਲ ਜੋ ਮਹਿਕ-ਵਿਹੂਣੇ
ਉਸ ਰੁੱਤੇ ਫਿਰ ਮਿਲਾਂਗੇ ਆਪਾਂ
ਹੋ ਕੇ ਦੂਣੇ ਚੌਣੇ।



## ਰਾਹਾਂ ਨੂੰ ਅਸਾਂ ਮੁਰਸ਼ਦ ਮੰਨਿਆ

ਰਾਹਾਂ ਨੂੰ ਅਸਾਂ ਮੁਰਸ਼ਦ ਮੰਨਿਆ
ਅਸੀਂ ਰਾਹਾਂ ਦੇ ਚੇਲੇ
ਮੰਜ਼ਿਲਾਂ ਤਾਈਂ ਮੂਲ ਨਾ ਚਾਹੀਏ
ਰਾਹਾਂ ਵਿਚ ਜਿੰਦ ਖੇਲੇ

ਰਾਹਾਂ ਨੇ ਗੁਰਮੰਤਰ ਦੇ ਕੇ
ਸਾਨੂੰ ਤੁਰਨ ਸਿਖਾਇਆ
ਅਣਜੰਮੀਆਂ ਪੈੜਾਂ ਦਾ ਨਕਸ਼ਾ
ਨੈਣਾਂ ਤਾਈਂ ਵਿਖਾਇਆ

ਰਾਹਾਂ ਦੇ ਸੰਗ ਤੁਰ ਤੁਰ ਕੇ ਫਿਰ
ਉਮਰ ਚਰਖੜਾ ਕੱਤਿਆ
ਰਾਹਾਂ ਦੇ ਸੱਚਖੰਡ ਵਿਚ ਬਹਿ ਕੇ
ਮਨ-ਮੰਦਰ ਰੰਗ ਰੱਤਿਆ

ਰਾਹਾਂ ਦੇ ਵਿਚ ਬੀਤਿਆ ਬਚਪਨ
ਰਾਹ ਵਿਚ ਫ਼ਿਕਰਾਂ ਪਈਆਂ
ਆਪਣੀ ਤੋਰੇ ਤੁਰ ਕੇ ਰਾਹ ਵਿਚ
ਲੱਖਾਂ ਝਿੜਕਾਂ ਸਹੀਆਂ

ਰਾਹਾਂ ਵਿਚ ਹੀ ਸੱਜਣ ਖ਼ਾਤਰ
ਛੱਡੀ ਅਸਾਂ ਖ਼ੁਦਾਈ
ਰਾਹਾਂ ਦੇ ਸੀਨੇ ਲੱਗ ਰੋਏ
ਪਈ ਸੀ ਜਦੋਂ ਜੁਦਾਈ

ਰਾਹਾਂ ਦੇ ਵਿਚ ਚੜ੍ਹੀ ਜਵਾਨੀ
ਰਾਹਾਂ ਵਿਚ ਗਵਾਚੀ
ਇਹਨੀਂ ਰਾਹੀਂ ਪੁਨੂੰ ਸਾਡਾ
ਲੈ ਕੇ ਤੁਰ ਗਈ ਡਾਚੀ

ਰਾਹਾਂ ਵਿਚੋਂ ਲਾਲ ਸੀ ਲੱਭੇ
ਰਾਹਾਂ ਵਿਚ ਹੀ ਗੁੰਮੇ
ਰਾਹਾਂ ਵਿਚ ਫਿਰ ਹੱਸਦੇ ਹੱਸਦੇ
ਪੱਥਰ ਕੰਡੇ ਚੁੰਮੇ

ਰਾਹਾਂ ਵਿਚੋਂ ਸਮਾਂ ਥਿਆਇਆ
ਰੱਖ ਸਿਰ੍ਹਾਣੇ ਸੁੱਤੇ
ਬਾਲਾਂ ਵਾਂਗੂ ਲੱਭਦੇ ਰਹੇ ਫਿਰ
ਰਾਹ ਵਿਚ ਫੁੱਲ ਕਰੁੱਤੇ

ਸੋਈ ਕਦਮ ਮੁਬਾਰਕ ਜਿਹੜੇ
ਰਾਹਾਂ ਸੰਗ ਪਰਨਾਏ
ਭਟਕ ਰਹੇ ਕਦਮਾਂ ਦੇ ਅੱਗੇ
ਰਾਹਾਂ ਦੀਪ ਜਗਾਏ

ਰਾਹਾਂ ਖ਼ਾਤਰ ਜਦ ਵੀ ਪੈਰਾਂ
ਨਵੀਂਆਂ ਪੈੜਾਂ ਪਾਈਆਂ
ਸਭ ਤੋਂ ਪਹਿਲਾਂ ਕਰਨ ਇਬਾਦਤ
ਮੰਜ਼ਿਲਾਂ ਚੱਲ ਕੇ ਆਈਆਂ

ਰਾਹ ਹੁੰਦੇ ਅਨੰਤ ਦਿਸ਼ਾਵੀ
ਰੱਬ ਦੇ ਜੇਡ ਵਡੇਰੇ
ਮੰਜ਼ਿਲ ਦਾ ਕੀ ਪਉਣਾ, ਜੀਹਨੇ
ਵਲ਼ ਦੇਣੇ ਕਈ ਘੇਰੇ।



## ਕਿਸ ਪੱਤੀ ’ਚੋਂ ਜ਼ਹਿਰ

ਕਿਸ ਪੱਤੀ ਚੋਂ ਜ਼ਹਿਰ ਰਾਤ ਨੂੰ ਫੁੱਟਿਆ ਸੀ
ਦਿਨ ਚੜ੍ਹਦੇ ਨੂੰ ਜੰਗਲ ਲੁੱਟਿਆ-ਪੁੱਟਿਆ ਸੀ

ਪਿਆਰ ਦੀਆਂ ਰੇਖਾਵਾਂ ਮੈਥੋਂ ਪੁੱਛਦੀਆਂ ਨੇ
ਹੱਥਾਂ ਦੇ ਵੱਲ ਖ਼ੰਜਰ ਕਿਸ ਨੇ ਸੁੱਟਿਆ ਸੀ

ਬਾਂਹ ’ਤੇ ਲਿਖਿਆ ਨਾਂ ਰਾਂਝਣ ਦਾ ਰੋਂਦਾ ਸੀ
ਜਦ ਕਾਜ਼ੀ ਦੀ ਸ਼ਰ੍ਹਾ ਨੇ ਉਹਨੂੰ ਲੁੱਟਿਆ ਸੀ

ਤੇਰੇ ਤੀਕਰ ਸਫ਼ਰ ਨਾ ਮੈਥੋਂ ਹੋ ਸਕਿਆ
ਮਨ ਦਾ ਬੈਲ ਪੰਜਾਲੀ ਅੱਗੇ ਜੁੱਤਿਆ ਸੀ

ਤੱਕਣ ਲੱਗੇ ਪੱਥਰ ਜੱਗ ਦੀਆਂ ਰਸਮਾਂ ਦੇ
ਜਦ ਵੀ ਕਿਧਰੇ ਗੀਤ-ਇਲਾਹੀ ਫੁੱਟਿਆ ਸੀ

ਚੀਕਾਂ ਮਾਰੇ ਸੁਪਨਿਆਂ ਦੇ ਵਿਚ ਰਾਤਾਂ ਨੂੰ
ਜੀਹਨੇ ਆਪਣਾ ਸਭ ਕੁਝ ਅੰਦਰ ਘੁੱਟਿਆ ਸੀ।

## ਸ਼ਹਿਰ ਮੇਰੇ ਦਾ ਅੰਨ੍ਹਾ ਰਾਜਾ

ਸ਼ਹਿਰ ਮੇਰੇ ਦਾ ਅੰਨ੍ਹਾ ਰਾਜਾ ਫਿਰੇ ਭਾਲਦਾ ਰਾਹ ਕੋਈ
ਕਿਵੇਂ ਗਲ਼ੇ ਵਿਚ ਹਰ ਪੈਣਗੇ ਕਿਵੇਂ ਕਰੂ ਵਾਹ ਵਾਹ ਕੋਈ

"ਜੇ ਪੌਣਾਂ ਦੀ ਘਾਟ ਹੋ ਗਈ ਸਾਰੇ ਹੀ ਮਰ ਜਾਓਗੇ"
ਇਹ ਸਰਕਾਰੀ ਹੁਕਮ ਹੈ ਲੋਕੋ "ਲਵੇ ਨਾ ਗਹਿਰਾ ਸਾਹ ਕੋਈ"

ਅੱਧੀ ਰਾਤੀਂ ਪਾਗਲ ਔਰਤ ਸਿਵਿਆਂ ਵਿਚ ਫਿਰੇ ਚੀਖ਼ਦੀ
ਪੱਥਰਾਂ ਦਾ ਸ਼ਹਿਰ ਹੈ ਇਹ ਜਾਂ ਕਤਲਾਂ ਦੀ ਗਾਹ ਕੋਈ!

ਚਾਰ ਕੁ ਗੱਲਾਂ ਕਰਕੇ ਹੰਝੂ ਇਕ ਦੂਜੇ ਦੇ ਪੂੰਝੇ ਸੀ
ਮਾਰ ਪਈ ਸਾਨੂੰ ਪੱਥਰਾਂ ਦੀ ਕੀਤਾ ਅਸਾਂ ਗੁਨਾਹ ਕੋਈ!

ਉਹ ਜੋ ਝੱਲਾ ਹੋ ਕੇ ਕੱਲ੍ਹਾ ਗੱਲਾਂ ਖੰਡਰਾਂ ਨਾਲ ਕਰੇ
ਇੰਜ ਲੱਗਦਾ ਏ ਪਿਛਲੇ ਜਨਮ 'ਚ ਉਹ ਹੋਵੇਗਾ ਸ਼ਾਹ ਕੋਈ

ਹਰ ਇਕ ਦਿਲ ਨੂੰ ਧੜਕਣ ਦੇ ਲਈ ਇਕ ਸਹਾਰਾ ਚਾਹੀਦਾ
ਚਲਦੀ ਰਹੇ ਤਾਂਘਾਂ ਦੀ ਕਿਸ਼ਤੀ ਗਾਉਂਦਾ ਰਹੇ ਮਲਾਹ ਕੋਈ।



## ਜਦ ਵੀ ਆਪਣੇ ਆਪ ਤੋਂ

ਜਦ ਵੀ ਆਪਣੇ ਆਪ ਤੋਂ ਉਹ ਹਰ ਗਿਆ
ਵਕਤ ਦੇ ਸਿਰ 'ਤੇ ਹੀ ਦੋਸ਼ ਧਰ ਗਿਆ

ਤੀਰ ਅੱਜ ਮਿਰਜ਼ੇ ਨੂੰ ਪੁੱਛਦੇ ਨੇ ਪਏ
ਕਿਉਂ ਤੇਰਾ ਭਖ਼ਦਾ ਇਹ ਸੀਨਾ ਠਰ ਗਿਆ

ਔੜ ਵਿਚ ਸੀ ਜਿਸਦਾ ਸਾਨੂੰ ਇੰਤਜ਼ਾਰ
ਆਉਣ 'ਤੇ ਹੜ੍ਹ ਉਹ ਬੱਦਲ ਵੀ ਵਰ੍ਹ ਗਿਆ

ਤੁਰਦਿਆਂ ਪੁਨੂੰ ਨੂੰ ਸੱਸੀ ਨੇ ਕਿਹਾ
"ਫਿਰ ਮਿਲਾਂਗੀ ਮਾਰੂਥਲ ਜੇ ਠਰ ਗਿਆ"

ਨਾਮ ਉਸ ਦੇ ਦਾਨ ਰੋਟੀ ਕਰ ਰਿਹਾਂ
ਸਾਲ ਪਹਿਲਾਂ ਜੋ ਸੀ ਭੁੱਖਾ ਮਰ ਗਿਆ।

## ਮੈਂ ਰਾਤਾਂ ਵਿੱਚ ਭਟਕਿਆ

ਮੈਂ ਰਾਤਾਂ ਵਿਚ ਭਟਕਿਆ ਇਕ ਸਵੇਰਾ ਹਾਂ
ਕਈ ਕਿਰਨਾਂ ਨੂੰ ਡੱਕ ਰਿਹਾ ਜੋ ਘੇਰਾ ਹਾਂ

ਹੈ ਮੈਨੂੰ ਮਾਲੂਮ ਮੈਂ ਵੰਡਿਆ ਜਾਵਾਂਗਾ
ਐਵੇਂ ਦਿਲ ਰੱਖਣ ਲਈ ਆਖਾਂ ਤੇਰਾ ਹਾਂ

ਬੂਹੇ ਦੀ ਤਖ਼ਤੀ 'ਤੇ ਵੱਡਾ ਨਾਂ ਲਿਖ ਕੇ
ਹਰ ਬੰਦਾ ਹੀ ਸੋਚੇ ਬਹੁਤ ਵਡੇਰਾ ਹਾਂ

ਸੂਰਜ ਦੇ ਨਾਲ ਐਸਾ ਇਕ ਦਿਨ ਰਾਤ ਲੜੀ
ਆਖ ਰਹੀ ਸੀ ਮੈਂ ਵੀ ਇਕ ਸਵੇਰਾ ਹਾਂ।



## ਇਹ ਤੇਰੀ ਜੰਜ਼ੀਰ

ਇਹ ਤੇਰੀ ਜੰਜ਼ੀਰ ਦਾ ਹੀ ਖ਼ਿਆਲ ਹੈ
ਰੰਗ ਅੱਖਾਂ ਮੇਰੀਆਂ ਦਾ ਲਾਲ ਹੈ

ਬੇੜੀਆਂ ਨੂੰ ਝਾਂਜਰਾਂ ਤੂੰ ਸਮਝਦੈਂ
ਇਹ ਵੀ ਤੇਰੇ ਸ਼ੌਕ ਦਾ ਕਾਮਾਲ ਹੈ

ਭਾਲਦਾਂ ਮਰਜ਼ੀ ਦਾ ਮੈਂ ਵੀ ਪਿੰਜਰਾ
ਮੇਰੀ ਆਜ਼ਾਦੀ ਵੀ ਇਸਦੇ ਨਾਲ ਹੈ

ਰੋਜ਼ ਰਾਤੀਂ ਕਰ ਲਵੇ ਉਹ ਖ਼ੁਦਕੁਸ਼ੀ
ਆਦਮੀ ਹੈ ਜਾਂ ਕਿ ਆਪਣਾ ਕਾਲ ਹੈ!

## ਸੱਜਣ ਅਸਾਂ ਦੇਸ਼ ਤੇਰੇ ਵਿੱਚ

ਸੱਜਣ ਅਸਾਂ ਦੇਸ਼ ਤੇਰੇ ਵਿਚ ਅੱਗ ਦੇ ਵਣਜ ਵਿਹਾਏ
ਸੱਜਣ ਅਸਾਂ ਦੇਸ਼ ਤੇਰੇ ਵਿਚ... ... ... ...।

ਪਹਿਲੀ ਅਗਨੀ ਗਰਭ ਜੂਨ ਵਿਚ ਅੜਿਆ ਅਸਾਂ ਹੰਢਾਈ
ਬਚਪਨ ਦੀ ਫਿਰ ਉਮਰਾ ਪਿਆਰੀ ਚਿੰਤਾ ਲੇਖੇ ਲਾਈ
ਰੋਟੀ ਜੋਗੀਆਂ ਠੋਕਰਾਂ ਖਾ ਕੇ ਭੋਲ਼ੀ ਉਮਰ ਵਿਹਾਈ
ਕੁਝ ਮੱਚਦੇ ਅੰਗਿਆਰ ਤੇ ਛਾਲੇ ਦੌਲਤ ਉਦੋਂ ਕਮਾਈ
ਸੋਹਲ-ਵਰੇਸੇ ਜਗਦੇ ਜੁਗਨੂੰ ਸੀਨੇ ਵਿਚ ਛੁਪਾਏ
ਸੱਜਣ ਅਸਾਂ ਦੇਸ਼ ਤੇਰੇ ਵਿਚ... ... ... ...।

ਬਚਪਨ ਪਿਛੋਂ ਕੱਢੀ ਸੀ ਇਕ ਚਾਵਾਂ ਨੇ ਫ਼ੁਲਕਾਰੀ
ਏਸ ਖ਼ਾਕ ਦੇ ਅੰਨ੍ਹੇ ਰਾਜੇ ਲੁੱਟ ਲਈ ਰੀਝ ਕੁਆਰੀ
ਆਸਾਂ ਦੇ ਮਾਸੂਮ ਬੋਟ ਨੇ ਲਾਈ ਜਦੋਂ ਉਡਾਰੀ
ਕਿਸੇ ਅਚਿੰਤੇ ਬਾਜ ਨੇ ਆ ਕੇ ਝਪਟ ਓਸ 'ਤੇ ਮਾਰੀ
ਅੱਗ ਹੱਕਾਂ ਦੀ ਅੰਦਰ ਰੱਖੀ ਖ਼ੌਫ਼ ਹਵਾ ਦੇ ਖਾਏ
ਸੱਜਣ ਅਸਾਂ ਦੇਸ਼ ਤੇਰੇ ਵਿਚ... ... ... ...।

ਜੋਬਨ ਰੁੱਤੇ ਉਮਰ ਦਾ ਗਹਿਣਾ ਮੁੜ ਮੁੜ ਗਹਿਣੇ ਰੱਖਾਂ
ਅੱਗ ਸੱਜਣ ਦੀ ਪਿਆਰੀ ਲੱਗੀ ਸਾਂਭ ਲਈ ਵਿਚ ਕੱਖਾਂ
ਦੋ ਘੁੱਟ ਪੀੜ ਦੇ ਮੰਗਣ ਖ਼ਾਤਰ ਤਰਲੇ ਪਾਏ ਲੱਖਾਂ
ਏਸੇ ਉਮਰੇ ਦਿਲ ਦੀ ਅਗਨੀ ਜਾ ਪਹੁੰਚੀ ਵਿਚ ਅੱਖਾਂ
ਅੱਖੀਓਂ ਨਿਕਲੇ ਅੱਗ ਦੇ ਮੋਤੀ ਰਾਹਾਂ ਵਿਚ ਰੁਲਾਏ
ਸੱਜਣ ਅਸਾਂ ਦੇਸ਼ ਤੇਰੇ ਵਿੱਚ... ... ... ...।



ਚੌਥੀ ਅਗਨੀ ਤੀਕ ਪਹੁੰਚ ਕੇ ਪਰਛਾਵਾਂ ਢਲ ਜਾਣਾ
ਖ਼ਾਬਾਂ ਦੀ ਪਿਆਰੀ ਤਿਤਲੀ ਨੇ ਉਸ ਰੁੱਤੇ ਜਲ ਜਾਣਾ
ਇਹ ਬਾਗਾਂ ਦੀਆਂ ਕੋਮਲ ਪੱਤੀਆਂ ਖ਼ਾਕ ਸੰਗ ਰਲ ਜਾਣਾ
ਛਲਣੀ ਜੇਹੀ ਅੱਗ ਨੇ ਆਖ਼ਰ ਸਭ ਕੁਝ ਹੀ ਛਲ ਜਾਣਾ
ਅਗਨੀ ਦੇ ਸਰਵਰ ਦੀ ਸੈਫ਼ੀ ਕਿਹੜਾ ਪਿਆਸ ਬੁਝਾਏ
ਸੱਜਣ ਅਸਾਂ ਦੇਸ਼ ਤੇਰੇ ਵਿੱਚ... ... ... ...।

## ਕਾਹਦਾ ਜਿੰਦੇ ਮਾਣ ਕਰੇਂਦੀ

ਕਾਹਦਾ ਜਿੰਦੇ ਮਾਣ ਕਰੇਂਦੀ ਕਿਉਂ ਕਰ ਭਰਦੀ ਹਾਅਵਾਂ
ਹੱਥਾਂ ਵਿਚੋਂ ਗੁੰਮ ਜਾਂਦਾ ਜਦ ਆਪਣਾ ਹੀ ਸਿਰਨਾਵਾਂ

ਜਿਹੜਾ ਦਿਨ ਵੀ ਚੜ੍ਹਦਾ ਆਖ਼ਰ ਡੁੱਬਦਾ ਏ
ਛਿਲਤਰ ਬਣਕੇ ਰੋਜ਼ ਹਨ੍ਹੇਰਾ ਚੁੱਭਦਾ ਏ
ਰੋਜ਼ ਗਵਾਚਣ ਧੁੱਪਾਂ ਏਥੇ ਰੋਜ਼ ਗਵਾਚਣ ਛਾਂਵਾਂ
ਕਾਹਦਾ ਜਿੰਦੇ ਮਾਣ ਕਰੇਂਦੀ... ... ... ...।

ਏਥੇ ਰੋਜ਼ ਹੀ ਸੱਸੀਆਂ ਪੁੰਨਣ ਰੁਲਦੇ ਨੇ
ਰੋਜ਼ ਹੀ ਖੇੜੇ ਝੱਖੜ ਬਣਕੇ ਝੁੱਲਦੇ ਨੇ
ਤਖ਼ਤਹਜ਼ਾਰੇ ਉੱਜੜਦੇ ਨੇ ਸੁੰਨੀਆਂ ਰਹਿ ਜਾਣ ਰਾਹਵਾਂ
ਕਾਹਦਾ ਜਿੰਦੇ ਮਾਣ ਕਰੇਂਦੀ... ... ... ...।

ਕਿੰਨੇ ਈ ਤਾਰੇ ਅਸਮਾਨਾਂ ਤੋਂ ਟੁੱਟਦੇ ਨੇ
ਸਮੇਂ ਦੇ ਮੁਖ 'ਤੇ ਕਿੱਲ ਗ਼ਮਾਂ ਦੇ ਫੁੱਟਦੇ ਨੇ
ਬਹਿ ਜਾ ਦੋ ਪਲ ਕੋਲ ਮੈਂ ਤੈਨੂੰ ਵਿੱਥਿਆ ਖੋਲ੍ਹ ਸੁਣਾਵਾਂ
ਕਾਹਦਾ ਜਿੰਦੇ ਮਾਣ ਕਰੇਂਦੀ... ... ... ...।

ਜਿੱਤਾਂ ਹਾਰਾਂ ਵਾਂਗ ਮੁਸਾਫ਼ਰ ਆਉਂਦੀਆਂ ਨੇ
ਹਰ ਚਿਹਰੇ 'ਤੇ ਆਪਣੇ ਨਕਸ਼ ਬਣਾਉਂਦੀਆਂ ਨੇ
ਇਕ ਬਨੇਰਿਓਂ ਦੂਜੇ ਬਹਿਣਾ ਖ਼ੁਸ਼ੀ ਗ਼ਮੀ ਦਿਆਂ ਕਾਂਵਾਂ
ਕਾਹਦਾ ਜਿੰਦੇ ਮਾਣ ਕਰੇਂਦੀ... ... ... ...।



## ਤੈਨੂੰ ਨਜ਼ਰ ਅਸਾਂ ਲਾਉਣੀ ਏ

ਸੱਜਣ ਸਾਡੇ ਸੋਹਣਿਆ ਤੈਨੂੰ ਨਜ਼ਰ ਅਸਾਂ ਲਾਉਣੀ ਏ
ਮਿਰਚਾਂ ਵੀ ਵਾਰਾਂਗੇ ਤੈਥੋਂ ਕੇਰਾਂ ਜ਼ਿਦ ਪੁਗਾਉਣੀ ਏ

ਅੱਜ ਅਸਾਂ ਤੇਰੇ ਅੱਗੇ ਬਹਿ ਕੇ ਤੈਨੂੰ ਵੇਖੀ ਜਾਣਾ ਏ
ਅੱਜ ਅਸਾਂ ਦੀ ਤੱਕਣੀ ਨੇ ਤੈਥੋਂ ਜ਼ਰਾ ਵੀ ਨਾ ਸ਼ਰਮਾਣਾ ਏ
ਅੱਜ ਮਿਟਾ ਕੇ ਹਸਤੀ ਆਪਣੀ ਤੇਰੇ ਵਿੱਚ ਸਮਾਉਣੀ ਏ
ਸੱਜਣ ਸਾਡੇ ਸੋਹਣਿਆ... ... ... ...।

ਕੁਝ ਵੀ ਕਹਿਣਾ ਆਖੀ ਜਾਵੇ ਜੱਗ ਤੋਂ ਅੱਜ ਨਾ ਡਰਨਾ ਏ
ਹੁਸਨ ਤੇਰੇ ਨੂੰ ਵੇਖ ਦਿਲੇ ਨੇ ਲੰਬਾ ਹਉਕਾ ਭਰਨਾ ਏ
ਅੱਜ ਪਿਆਸੀਆਂ ਨਜ਼ਰਾਂ ਤਾਈਂ ਹੁਸਨ ਦੀ ਘੁੱਟ ਪਿਆਉਣੀ ਏ।
ਸੱਜਣ ਸਾਡੇ ਸੋਹਣਿਆ... ... ... ...।

ਤੇਰੇ ਕਾਲੇ ਟਿੱਕਿਆਂ ਤੋਂ ਅੱਜ ਨਜ਼ਰ ਨਾ ਸਾਡੀ ਡਰਨੀ ਏ
ਗਲ ਵਿਚ ਪਾਈਆਂ ਰੱਖਾਂ ਦੀ ਵੀ ਕੋ ਪਰਵਾਹ ਨਾ ਕਰਨੀ ਏ
ਕਰਾਮਾਤ ਨਜ਼ਰਾਂ ਦੀ ਤੈਨੂੰ ਕਰਕੇ ਅਸਾਂ ਵਿਖਾਉਣੀ ਏ
ਸੱਜਣ ਸਾਡੇ ਸੋਹਣਿਆ... ... ... ...।

ਹੁਸਨ ਤੇਰੇ ਦਾ ਕੀ ਘਟ ਜਾਣਾ ਸਾਨੂੰ ਰੱਜ ਕੇ ਵੇਖਣ ਦੇ
ਇਸ਼ਕ-ਮਜਾਜ਼ੀ ਦੀ ਧੂਣੀ 'ਤੇ ਹੱਥ ਅਸਾਂ ਨੂੰ ਸੇਕਣ ਦੇ
ਇਸ਼ਕ-ਹਕੀਕੀ ਤੱਕ ਦੀ ਪੌੜੀ ਏਥੇ ਬੈਠ ਬਣਾਉਣੀ ਏ
ਸੱਜਣ ਸਾਡੇ ਸੋਹਣਿਆ... ... ... ...।

## ਨੀਂ ਕੁੜੀਓ ਹੱਸਦੀਆਂ ਰਹੋ

ਨੀਂ ਕੁੜੀਓ ਹੱਸਦੀਆਂ ਰਹੋ ਹੱਸਦੀਆਂ ਲੱਗਦੀਆਂ ਚੰਗੀਆਂ
ਰੀਝਾਂ ਵਾਲੀਆਂ ਰਾਤ ਰਾਣੀਆਂ ਰਹਿਣ ਖੁਸ਼ੀ ਵਿਚ ਰੰਗੀਆਂ

ਨਾਲ ਤੁਸਾਂ ਦੇ ਧਰਤੀ ਹੱਸਦੀ ਰਿਸ਼ਤਿਆਂ ਵਾਲੀ ਦੁਨੀਆਂ ਵੱਸਦੀ
ਆਸਾਂ ਦੀ ਹਰ ਅੰਬੀ ਰਸਦੀ ਹਰ ਮੰਜ਼ਿਲ ਖ਼ੁਦ ਰਸਤੇ ਦੱਸਦੀ
ਹਾਸੇ ਥੋੜੇ ਸੁਣਕੇ ਬਾਬਲ ਭੁੱਲਦੇ ਤੁਰਸ਼ੀਆਂ ਤੰਗੀਆਂ
ਨੀਂ ਕੁੜੀਓ... ... ... ... ...

ਨਾਲ ਤੁਸਾਂ ਦੇ ਜਗਦੇ ਦੀਵੇ ਹਰ ਲੋਹੜੀ ਦੀ ਅਗਨੀ ਜੀਵੇ
ਰੱਖੜੀ ਪਿਆਰ ਦਾ ਅੰਮ੍ਰਿਤ ਪੀਵੇ ਈਦ ਵੀ ਉਧੜੇ ਰਿਸ਼ਤੇ ਸੀਵੇ
ਨਾਲ ਤੁਸਾਂ ਦੇ ਹੱਸਦੀਆਂ ਏਥੇ ਹੋਲੀਆਂ ਰੰਗ ਬਰੰਗੀਆਂ
ਨੀਂ ਕੁੜੀਓ... ... ... ... ...

ਟੂਣੇਹਾਰੀ ਪੌਣ ਜੋ ਵਗਦੀ ਸਾਰੇ ਜੱਗ ਦੀਆਂ ਨਜ਼ਰਾਂ ਠੱਗਦੀ
ਰੰਗਾਂ ਦੀ ਇਕ ਮੰਡੀ ਲੱਗਦੀ ਉਸ ਮੰਡੀ ਹੱਥ ਸੂਲੀ ਅੱਗ ਦੀ
ਉਸ ਸੂਲੀ 'ਤੇ ਸੋਹਲ ਸੁਪਨਮਈ ਤਿੱਤਲੀਆਂ ਜਾਣ ਨਾ ਟੰਗੀਆਂ
ਨੀਂ ਕੁੜੀਓ... ... ... ... ...

ਜੋ ਆਲ੍ਹਣਿਆਂ ਦੇ ਮੰਗਣ ਕਿਰਾਏ ਦਾਤਾ ਉਹ ਨਾ ਰੁੱਖ ਮਿਲਾਏ
ਨਾ ਕੋਈ ਸ਼ੱਕੀ ਰਾਮ ਸਤਾਏ ਰੂਹ ਵਾਲਾ ਹਾਣੀ ਮਿਲ ਜਾਏ
ਚਾਵਾਂ ਦੀਆਂ ਕਰੂੰਬਲਾਂ "ਸੈਫ਼ੀ" ਜਾਣ ਕਦੇ ਨਾ ਡੰਗੀਆਂ
ਨੀਂ ਕੁੜੀਓ ਹੱਸਦੀਆਂ ਰਹੋ ਹੱਸਦੀਆਂ ਲੱਗਦੀਆਂ ਚੰਗੀਆਂ



## ਮਾਂ ਬੋਲੀ

ਮਾਂ ਬੋਲੀ ਬਿਨਾਂ ਕੌਣ ਲੋਰੀਆਂ ਸੁਣਾਵੇਗਾ
ਕੌਣ ਸਾਡੇ ਦਿਲਾਂ ਵਾਲੇ ਵਿਹੜੇ ਰੁਸ਼ਨਾਵੇਗਾ

ਗ਼ਮਾਂ ਦੁੱਖਾਂ ਹਉਕਿਆਂ ਦੇ ਸਾਗਰ ਸੰਭਾਲ ਕੇ
ਖੁਸ਼ੀਆਂ ਤੇ ਚਾਅਵਾਂ ਵਾਲੇ ਦੀਵੇ ਬੂਹੇ ਬਾਲ ਕੇ
ਵਾਰਾਂ ਕਿੱਸੇ ਘੋੜੀਆਂ ਸੁਹਾਗ ਕੌਣ ਗਾਵੇਗਾ
ਮਾਂ ਬੋਲੀ ਬਿਨਾਂ... ... ... ... ...

ਤਲੀ 'ਤੇ ਟਿਕਾ ਕੇ ਜਿੰਦ ਪ੍ਰੀਤ ਕਿੰਝ ਪਾਈਦੀ
ਸਿਦਕਾਂ ਤੇ ਸਿਰਾਂ ਨਾਲ ਕਿਵੇਂ ਹੈ ਨਿਭਾਈਦੀ
ਰਮਜ਼ਾਂ ਕਹਾਵਤਾਂ ਨੂੰ ਕੌਣ ਸਮਝਾਵੇਗਾ
ਮਾਂ ਬੋਲੀ ਬਿਨਾਂ... ... ... ... ...

ਜ਼ਾਬਰਾਂ ਦੀ ਅੱਖ ਵਿਚ ਅੱਖ ਕਿਵੇਂ ਪਾਈਦੀ
ਕੰਡਿਆਂ 'ਤੇ ਤੁਰ ਕਿਵੇਂ ਪੈੜ ਰੁਸ਼ਨਾਈਦੀ
ਬਾਣੀ ਵਾਲੀ ਗੂੰਜ ਕੌਣ ਰੂਹਾਂ 'ਚ ਟਿਕਾਵੇਗਾ
ਮਾਂ ਬੋਲੀ ਬਿਨਾਂ... ... ... ... ...

ਕਿਹੜੇ ਵੇਲੇ ਸੋਗ ਕਦੋਂ ਸ਼ਗਨ ਮਨਾਉਣੇ ਨੇ
ਕਿਵੇਂ ਜਾ ਵਡੇਰਿਆਂ ਦੇ ਪੈਰੀਂ ਹੱਥ ਲਾਉਣੇ ਨੇ
ਕੌਣ ਉੱਚੀ ਸੁੱਚੀ ਤਹਿਜ਼ੀਬ ਇਹ ਸਿਖਾਵੇਗਾ
ਮਾਂ ਬੋਲੀ ਬਿਨਾਂ... ... ... ... ...

ਬੋਲੀ ਮਾਂ ਪੰਜਾਬੀ ਦਾ ਜੇ ਪਿਆਰ ਭੁੱਲ ਜਾਵਾਂਗੇ
ਗੁੰਮੇ ਹੋਏ ਬਾਲਾਂ ਵਾਂਗੂੰ ਸੈਫ਼ੀ ਰੁਲ ਜਾਵਾਂਗੇ
ਸਾਡਿਆਂ ਘਰਾਂ ਦੀ ਸਾਨੂੰ ਦੱਸ ਕੌਣ ਪਾਵੇਗਾ
ਮਾਂ ਬੋਲੀ ਬਿਨਾਂ... ... ... ... ...

## ਇਹ ਮੇਰਾ ਪੰਜਾਬ

ਜਿੱਥੇ ਭਾਈ ਭਾਈ ਨੂੰ ਲੁੱਟ ਰਿਹਾ
ਜਿੱਥੇ ਮਾਣ ਮਾਵਾਂ ਦਾ ਟੁੱਟ ਰਿਹਾ
ਦਰਿਆਵਾਂ ਦਾ ਦਮ ਘੁੱਟ ਰਿਹਾ
ਕੋਈ ਖੂਹ ਮੌਤ ਦੇ ਪੁੱਟ ਰਿਹਾ
ਕਿਵੇਂ ਮੈਂ ਇਹਨੂੰ ਧਰਤੀ ਉੱਤੇ ਖਿੜਿਆ ਫੁੱਲ ਗੁਲਾਬ ਕਹਿ ਦਿਆਂ
ਮੇਰੇ ਗੁਰਾਂ ਨੇ ਜਿਹੜਾ ਸਿਰਜਿਆ ਸੀ ਕਿਵੇਂ ਇਹਨੂੰ ਉਹ ਪੰਜਾਬ ਕਹਿ ਦਿਆਂ

ਜਿੱਥੇ ਵਿਕਦੀ ਨਿੱਤ ਜ਼ਮੀਰ ਦਿਸੇ
ਅੱਖੀਆਂ ਦਾ ਰੁਲਦਾ ਨੀਰ ਦਿਸੇ
ਹਰ ਦਿਲ ਵਿਚ ਹੋਇਆ ਚੀਰ ਦਿਸੇ
ਜਿੱਥੇ ਪੈਸਾ ਸਭ ਦਾ ਪੀਰ ਦਿਸੇ
ਸੂਫ਼ੀਆਂ ਯੋਧਿਆਂ ਭਗਤਾਂ ਵਾਲਾ ਕਿਵੇਂ ਮੈਂ ਇਹਨੂੰ ਖ਼ਾਬ ਕਹਿ ਦਿਆਂ
ਮੇਰੇ ਗੁਰਾਂ ਨੇ ਜਿਹੜਾ ਸਿਰਜਿਆ ਸੀ... ... ... ... ...

ਜਿੱਥੇ ਨਿੱਤ ਦਲਾਲੀਆਂ ਮਘਦੀਆਂ ਨੇ
ਭਰਮਾਂ ਦੀਆਂ ਮੰਡੀਆਂ ਲੱਗਦੀਆਂ ਨੇ
ਜਿੱਥੇ ਵਾੜਾਂ ਖੇਤੀ ਠੱਗਦੀਆਂ ਨੇ
ਪੌਣਾਂ ਵੀ ਜ਼ਹਿਰੀ ਵੱਗਦੀਆਂ ਨੇ
ਬੋਤਲਾਂ ਦੇ ਵਿਚ ਵਿਕਣ ਜੋ ਆਇਆ ਕਿਵੇਂ ਮੈਂ ਅੰਮ੍ਰਿਤ ਆਬ ਕਹਿ ਦਿਆਂ
ਮੇਰੇ ਗੁਰਾਂ ਨੇ ਜਿਹੜਾ ਸਿਰਜਿਆ ਸੀ... ... ... ... ...



ਜੀਹਨੂੰ ਗ਼ੈਰਤ ਬਹੁਤ ਪਿਆਰੀ ਸੀ
ਜੀਹਦੇ ਕੋਲ ਸੁੱਚੀ ਸਰਦਾਰੀ ਸੀ
ਜੀਹਨੇ ਤਖ਼ਤ ਨੂੰ ਠੋਕਰ ਮਾਰੀ ਸੀ
ਜੀਹਦੀ ਉੱਚੀ ਬਹੁਤ ਉਡਾਰੀ ਸੀ
ਹੋਣ ਕਬੂਲ ਦੁਆਵਾਂ 'ਸੈਫ਼ੀ' ਇਹਨੂੰ ਉਹੀ ਉਕਾਬ ਕਹਿ ਦਿਆਂ
ਖਿੜਿਆ ਫੁੱਲ ਗ਼ੁਲਾਬ ਕਹਿ ਦਿਆਂ ਇਸ ਧਰਤੀ ਦਾ ਤਾਜ ਕਹਿ ਦਿਆਂ
ਸਤਿਗੁਰਾਂ ਨੇ ਜਿਹੜਾ ਸਿਰਜਿਆ ਸੀ ਮੁੜ ਇਹਨੂੰ ਉਹੀ ਪੰਜਾਬ ਕਹਿ ਦਿਆਂ

## ਪੰਛੀ ਜਾ ਰਹੇ

ਆਪਣਾ ਚੋਗ ਮੁਕਾ ਕੇ ਏਥੋਂ ਅੱਜ ਨੇ ਪੰਛੀ ਜਾ ਰਹੇ
ਵੱਸਦੀ ਰਹੇ ਤੇਰੀ ਝੋਕ ਪਿਆਰੀ ਜਾਂਦੇ ਜਾਂਦੇ ਗਾ ਰਹੇ

ਰੋਸੇ ਸ਼ਿਕਵੇ ਛੱਡੋ ਸੱਜਣ ਜੀ ਜਾਣ ਸਮੇਂ ਕੀ ਕਰਨੇ ਨੇ
ਦਿਲ-ਸਾਗਰ ਚੋਂ ਉੱਠੇ ਬੱਦਲ ਜੱਗ ਸਾਹਵੇਂ ਨਾ ਵਰ੍ਹਨੇ ਨੇ
ਤੇਰੇ ਸੰਗ ਗ਼ੁਜ਼ਾਰੇ ਪਲ ਪਲਕਾਂ ਦੀ ਮਮਟੀ ਧਰਨੇ ਨੇ
ਬੇਖ਼ਬਰੇ ਜਿਹੇ ਹੰਝੂ ਆਪਣੇ ਹਾਸਿਆਂ ਵਿਚ ਛੁਪਾ ਰਹੇ।
ਅੱਜ ਨੇ ਪੰਛੀ ਜਾ ਰਹੇ... ... ... ...।

ਸ਼ੋਹਰਤ, ਮਾਨ ਤੇ ਦੌਲਤ-ਗਠੜੀ ਅਸੀਂ ਨਾ ਲੈ ਕੇ ਜਾਵਾਂਗੇ
ਲੱਪ ਕੁ ਦਰਦ ਹੀ ਹੋਰ ਦੇ ਦਈਂ ਸੀਨੇ ਵਿਚ ਸਜਾਵਾਂਗੇ
ਪੀੜ ਤੇਰੀ ਦਾ ਚੋਲਾ ਸੀਅ ਕੇ ਸਾਰੀ ਉਮਰ ਹੰਢਾਵਾਂਗੇ
ਯਾਦਾਂ ਵਾਲੀ ਮਾਲਾ ਆਪਣੇ ਸਾਹਾਂ ਹੱਥ ਫੜਾ ਰਹੇ
ਅੱਜ ਨੇ ਪੰਛੀ ਜਾ ਰਹੇ... ... ... ...।

ਪੰਛੀਆਂ ਤੇ ਪਰਦੇਸੀਆਂ ਕੋਲੋਂ ਇਕ ਥਾਂ ਬਹਿਣ ਨਾ ਹੁੰਦਾ ਏ
ਪਿੰਜਰਾ ਸੋਨੇ ਦਾ ਵੀ ਹੋਵੇ ਉਸ ਵਿਚ ਰਹਿਣ ਨਾ ਹੁੰਦਾ ਏ
ਵਕਤਾਂ ਤੇ ਦਰਿਆਵਾਂ ਦਾ ਕਦੇ ਇਕ ਥਾਂ ਵਹਿਣ ਨਾ ਹੁੰਦਾ ਏ
ਇਹ ਜੋ ਮੁੱਢ ਤੋਂ ਰੀਤ ਅਸਾਂ ਦੀ ਓਸੇ ਤਾਈਂ ਨਿਭਾ ਰਹੇ
ਅੱਜ ਨੇ ਪੰਛੀ ਜਾ ਰਹੇ... ... ... ...।

ਇੱਥੋਂ ਦੀ ਹਰ ਸਾਂਝ ਪ੍ਰਾਹੁਣੀ ਮਾਰ ਸਮੇਂ ਦੀ ਸਹਿੰਦੀ ਏ
ਸਦਾ ਨਾ ਕੋਈ ਤਿੱਤਲੀ ਏਥੇ ਕੋਲ ਫੁੱਲਾਂ ਦੇ ਰਹਿੰਦੀ ਏ
ਕੂੰਜਾਂ ਦੀ ਕੋਈ ਡਾਰ ਹਮੇਸ਼ਾ ਕਿੱਥੇ ਜੁੜ ਕੇ ਬਹਿੰਦੀ ਏ!
ਇਹ ਦਸਤੂਰ ਸਮੇਂ ਦਾ ਸੈਫ਼ੀ ਫਿਰ ਕਿਉਂ ਸੋਗ ਮਨਾ ਰਹੇ
ਅੱਜ ਨੇ ਪੰਛੀ ਜਾ ਰਹੇ... ... ... ...।



## ਇਹ ਅਰਜ਼ ਫ਼ਕੀਰਾਂ ਦੀ

ਇਸ ਅਗਨ ਸਮੁੰਦਰ ਦਾ ਕਿਧਰੇ ਪਰਲਾ ਪਾਰ ਨਾ ਲੱਭਣਾ
ਰੰਗਾਂ ਦੀ ਮੰਡੀ 'ਚੋਂ ਤੈਨੂੰ ਜੀਵਨ-ਸਾਰ ਨਾ ਲੱਭਣਾ
ਸਭ ਸਾਫ਼ ਨਜ਼ਰ ਆਜੂ ਵੇਖ ਜ਼ਰਾ ਹਰਫ਼ ਹਕੀਕੀ ਪੜ੍ਹਕੇ
ਇਹ ਅਰਜ਼ ਫ਼ਕੀਰਾਂ ਦੀ ਸੁਣ ਕੇ ਜਾਵੀਂ ਰਾਹੀਆ ਖੜ੍ਹਕੇ

ਜਰਾ ਜਾਗਦਾ ਰਹੀਂ ਸੱਜਣਾ ਇਥੇ ਮਿਲਣਗੇ ਬੜੇ ਲੁਟੇਰੇ
ਦੁਸ਼ਮਣ ਦਾ ਖ਼ਤਰਾ ਨਈਂ ਤੈਨੂੰ ਯਾਰ ਲੁਟਣਗੇ ਤੇਰੇ
ਉਹ ਤੇਰੇ ਨਈਂ ਬਣਨੇ ਤੇਰਾ ਦਿਲ ਜਿਨ੍ਹਾਂ ਲਈ ਧੜਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਇਸ ਦੁਨੀਆਂ ਦੇ ਭੰਵਰੇ ਚੂਸਣ ਰਸ ਫੁੱਲਾਂ 'ਤੇ ਬਹਿਕੇ
ਜਦ ਫ਼ੁੱਲ ਕੁਮਲਾ ਜਾਵੇ ਇਹ ਉਡ ਜਾਣ ਅਲਵਿਦਾ ਕਹਿਕੇ
ਦਸਤੂਰ ਤਾਂ ਇਹੀਓ ਹੈ ਲਾਲੀ ਕਿਉਂ ਅੱਖਾਂ ਵਿਚ ਰੜਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਇਥੇ ਰੋਗ ਮੁਹੱਬਤਾਂ ਦੇ ਸੱਜਣਾ ਸੋਚ ਸਮਝ ਕੇ ਲਾਵੀਂ
ਜਿੱਥੇ ਜਿਸਮ ਹੀ ਵਿਕਦੇ ਨੇ ਉੱਥੇ ਰੂਹ ਨੂੰ ਨਾ ਤੜਫਾਵੀਂ
ਕੱਚ ਵੇਚਿਆ ਜਾਂਦਾ ਏ ਚਮਕਦੀ ਮਾਲਾ ਦੇ ਵਿਚ ਮੜ੍ਹਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਇਹ ਗਿਰਗਟ ਦੁਨੀਆਂ ਦੀ ਪਲ-ਪਲ ਰੰਗ ਬਦਲਦੀ ਰਹਿੰਦੀ
ਹਰ ਮ੍ਰਿਗਤ੍ਰਿਸ਼ਨਾ ਦੀ ਆਖਰ ਬਣੀ ਇਮਾਰਤ ਢਹਿੰਦੀ
ਸਭ ਸੁਪਨੇ ਤੋਲ ਲਵੀਂ ਹੱਥ ਵਿਚ ਸੱਚ ਦੀ ਤੱਕੜੀ ਫੜ੍ਹਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਸਦਾ ਪਤਝੜ ਰਹਿੰਦੀ ਨਾ ਰਹਿੰਦੀਆਂ ਸਦਾ ਨਾ ਬਾਗ ਬਹਾਰਾਂ
ਸਦਾ ਦੁਖੜੇ ਰਹਿੰਦੇ ਨਾ ਸਦਾ ਨਾ ਰਹਿੰਦੀਆਂ ਜਿੱਤਾਂ ਹਾਰਾਂ
ਰਾਤਾਂ ਦੇ ਸੁਪਨੇ ਜੋ ਉਹ ਫਿਰ ਨਜ਼ਰ ਨਾ ਆਉਂਦੇ ਤੜਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਇਥੇ ਕਿਸੇ ਅੰਗਾਰੇ ਦੀ ਅਗਨੀ ਬਹੁਤੀ ਦੇਰ ਨਾ ਮਘਦੀ
ਨਿੱਤ ਖੁਰਨ ਕਿਨਾਰੇ ਕਈ ਸਮੇਂ ਦੀ ਨਦੀ ਤੇਜ਼ ਬੜੀ ਵਗਦੀ
ਬੜੇ ਪਰਬਤ ਰੁੜ ਗਏ ਨੇ ਰਹਿਣਾ ਜੋ ਚਾਹੁੰਦੇ ਸੀ ਅੜਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਕੀ ਮਾਣ ਕਰੇਂ ਏਥੇ ਓ ਸੱਜਣਾ ਕਾਹਦੇ ਕਰਦੈਂ ਦਾਅਵੇ
ਏਥੇ ਤਾਂ ਸਭ ਕੁਝ ਹੀ ਮੁੱਠੀ 'ਚੋਂ ਰੇਤ ਵਾਂਗ ਕਿਰ ਜਾਵੇ
ਸਮਿਆਂ ਦੇ ਬੱਦਲਾਂ 'ਚੋਂ ਨਿੱਤ ਹੋਣੀ ਦੀ ਬਿਜਲੀ ਕੜਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਇਹ ਚਾਲ ਹੈ ਜ਼ਿੰਦਗੀ ਦੀ ਬਾਲਪਨ ਜੋਬਨ ਫੇਰ ਬੁਢਾਪਾ
ਬੜੇ ਮੇਲੇ ਜੁੜਦੇ ਨੇ ਹੁੰਦਾ ਆਖ਼ਰ ਨੂੰ ਇਕਲਾਪਾ
ਕਦੇ ਫੇਰ ਨਾ ਜੁੜਦਾ ਏ ਫ਼ੁੱਲ ਟਹਿਣੀ ਦੇ ਨਾਲੋਂ ਝੜਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...

ਕੱਚੇ ਹੀ ਤੁਰ ਜਾਂਦੇ ਹੋਣ ਨਾ ਜੋ ਵਚਨਾਂ ਦੇ ਪੂਰੇ
ਉਹ ਸੱਚ ਕਮਾ ਜਾਂਦੇ ਹੁੰਦੇ ਜੋ ਕਰਨੀ ਦੇ ਸੂਰੇ
ਆ ਖ਼ੁਦ ਨੂੰ ਪਰਖ ਲਈਏ 'ਸੈਫ਼ੀ' ਸਿਦਕ ਦੀ ਪੌੜੀ ਚੜ੍ਹਕੇ
ਇਹ ਅਰਜ਼ ਫ਼ਕੀਰਾਂ ਦੀ... ... ... ... ...



## ਕਾਵਿ–ਖ਼ਿਆਲ

1. ਮਿਰਜ਼ੇ ਜੱਟ 'ਤੇ ਜਦ ਵੀ ਆਉਂਦੀ
ਹੜ੍ਹ ਦੇ ਵਾਂਗ ਜਵਾਨੀ
ਵਿੰਹਦਿਆਂ ਵਿੰਹਦਿਆਂ ਉਸਦੀ ਕੋਈ
ਭੰਨ ਜਾਂਦਾ ਏ ਕਾਨੀ
*

2. ਉੱਚੇ ਹੋਣ ਤੇ ਅੱਗੇ ਵਧਣ ਲਈ
ਉੱਚੇ ਕੀਤੇ ਝੰਡੇ
ਸਾਂਝੇ ਮਾਰਗ ਚਲਦਿਆਂ ਚੁੱਭੇ
ਪੈਰ 'ਚ ਬਣਕੇ ਕੰਡੇ
*

3. ਅੰਨ੍ਹਾ ਰਾਜਾ ਹੁਕਮ ਸੁਣਾਵੇ
ਉਡਦੇ ਪੰਛੀ ਬੰਨ੍ਹੋ
ਜਿਹੜਾ ਆਖੇ ਸੂਰਜ ਹੈਗਾ
ਓਹਦੀਆਂ ਅੱਖਾਂ ਭੰਨੋ''
*

4. ਐਵੇਂ ਲੋਕੀਂ ਆਖਣ ਪਵੇ ਨਾ
ਪਾਣੀ ਵਿਚ ਲਕੀਰ
ਲੈ ਦਲਾਲੀ ਉਹਨਾਂ ਸਾਡੇ
ਪਾਣੀ ਦਿੱਤੇ ਚੀਰ
*

5. ਕਰੇ ਨਿਆਂ ਔਰੰਗਜ਼ੇਬ
ਹੱਥ 'ਚ ਫੜ ਤਲਵਾਰ
ਆਖੇ ਮੇਰੇ ਫ਼ੈਸਲੇ
ਦੀਨ ਧਰਮ ਦਾ ਸਾਰ
*

6. ਭੁੱਖੇ ਸੌਂ ਕੇ ਖ਼ਾਬਾਂ ਦੇ ਵਿਚ
ਹੱਕ ਆਪਣੇ ਮੰਗਣ
ਦਿਨ ਚੜ੍ਹਦੇ ਨੂੰ ਟੁਕ ਦੇ ਫ਼ਾਹੇ
ਦਿੰਦੇ ਮੂਲ ਨਾ ਖੰਘਣ
*



7. ਆਉਣ ਬਰਾਤਾਂ ਸ਼ਗਨਾਂ ਭਰੀਆਂ
ਜੱਗੋਂ ਮਿਲਣ ਵਧਾਈਆਂ
ਉਹ ਸੋਚੇ "ਅਜੇ ਮਰੀ ਨਹੀਂ ਮੈਂ
ਗਿਰਝਾਂ ਕਾਹਤੋਂ ਆਈਆਂ?"
*

8. ਮੂੰਹ 'ਤੇ ਲਿਸ਼ਕ-ਪੁਸ਼ਕ ਦਾ ਪਰਦਾ
ਗਲ਼ ਸੋਚਾਂ ਦਾ ਫੰਦਾ
ਇਹ ਹੈ ਇਸ ਧਰਤੀ ਦੀ ਰਾਣੀ
ਇਹ ਧਰਤੀ ਦਾ ਬੰਦਾ
*

9. ਸ਼ਹਿਰ ਮੇਰੇ ਦੀਆਂ ਪਾਗਲ ਕੰਧਾਂ
ਰਲ ਕੇ ਪਾਵਣ ਰੌਲਾ
ਆਵੋ ਨੀਂ ਗਲ ਲੱਗ ਕੇ ਅੜੀਓ
ਕਰ ਲਈਏ ਦਿਲ ਹੌਲਾ
*

10. ਪਹਿਲੇ ਪਿਆਰ ਦੇ ਫੁੱਲ ਜਦੋਂ ਫਿਰ
ਜਾਂਦੇ ਨੇ ਮੁਰਝਾ
ਪ੍ਰੇਮ ਦੇ ਪੱਤਰ ਖ਼ੂਨ ਚ ਰੰਗੇ
ਉੱਡਣ ਵਿਚ ਖਲਾਅ
*

11. ਸੱਤ ਫੇਰੇ ਤੇ ਮੰਗਲ ਸੂਤਰ
ਇਕ ਸੰਧੂਰੀ ਲੀਕ
ਇਹ ਸਭ ਰਲਕੇ ਵੇਖ ਨਾ ਸਕਦੇ
ਪ੍ਰੇਮ ਦੀ ਡੋਰ ਬਰੀਕ
*

12. ਚੜ੍ਹਨ ਤੋਂ ਪਹਿਲਾਂ ਖੁਰ ਜਾਂਦਾ ਏ
ਵਫ਼ਾ ਦਾ ਕੱਚਾ ਰੰਗ
ਸੋਹਲ-ਜਿੰਦ ਦੀ ਵੀਣੀਓਂ ਟੁੱਟੇ
ਰੋਜ਼ ਰੀਝ ਦੀ ਵੰਗ
*



13. ਪੁੱਛ ਰਿਹਾ ਸੀ ਖ਼ਾਬ ਚ ਮੈਥੋਂ
ਰੂਹ ਮੇਰੀ ਦਾ ਜੰਡ
"ਕਿਉਂ ਤੇਰੇ ਮਨ-ਮਿਰਜ਼ੇ ਦੇ ਗਲ
ਰੋਜ਼ ਹੀ ਪੈਂਦੀ ਝੰਡ?"
*

14. ਸੋਚਾਂ ਸੋਚੇ ਧਰਤੀ
ਸ਼ੱਕੀ ਰਾਮ ਨਾ ਦੇਵੇ ਦੁੱਖ
ਤਾਂ ਹੀ ਜਨਕ ਦੀ ਪੈਲੀ ਵਾਲੀ
ਹਰੀ ਨਾ ਹੁੰਦੀ ਕੁੱਖ
*

15. ਰੋਜ਼ ਰਾਤ ਨੂੰ ਸੌਂਦੇ ਵੇਲੇ
ਪੁੱਛੇ ਮੈਨੂੰ ਪੌਣ
"ਅੱਜ ਫਿਰ ਤੇਰੇ ਵਿਚੋਂ,ਬੇਲੀ
ਬੋਲਿਆ ਕੌਣ ਤੇ ਕੌਣ?"
*

16. ਟੁੱਟਗੀਆਂ ਸੱਭੇ ਯਾਰੀਆਂ ਤੇ
ਤਿੜਕਿਆ ਦੀਨ-ਈਮਾਨ
ਚੁੱਪ-ਚੁਪੀਤੇ ਸ਼ਖਸ ਨੇ ਸੀ
ਖੋਲ੍ਹੀ ਜਦੋਂ ਜ਼ੁਬਾਨ
*

17. ਸੁੱਚੇ ਲਹੂ ਦੀ ਸੂਲੀ ਤਾਈਂ
ਰਹੇ ਹਮੇਸ਼ਾ ਤੋਟ
ਹਰ ਯੁੱਗ ਏਸੇ ਕਰਕੇ ਮੰਗਦਾ
ਇਕ ਈਸਾ ਦੀ ਓਟ
*

18. ਸ਼ਹਿਰ ਮੇਰੇ ਨੂੰ ਡੰਗ ਗਿਆ ਹੈ
ਬੇਹੋਸ਼ੀ ਦਾ ਨਾਗ
ਇਕੋ ਚਾਲ ਚ ਬੰਨ੍ਹੀ ਬੈਠੀ
ਸਿੱਕਿਆਂ ਦੀ ਇਕ ਵਾਗ
*



19. ਚਿੱਟੇ ਕੱਪੜੇ ਪਾ ਕੇ ਬਣਗੇ
ਰੱਬ ਦੇ ਘਰ ਦੇ ਵਾਲੀ
ਬੁੱਲ੍ਹੇ ਹੋਰੀਂ ਆ ਕੇ ਆਖਣ
ਅਸੀਂ ਨਾ ਦਈਏ ਦਲਾਲੀ
*

20. ਕਦੇ ਇੱਟਾਂ ਦੇ ਕਦੇ ਸੋਨੇ ਦੇ
ਅਸੀਂ ਕੈਦੀ ਬਣ ਬਣ ਬਹਿੰਦੇ
ਸ਼ਾਹਜਹਾਂ ਜਿਹੇ ਬੰਦੀ ਬਣਕੇ
ਤਾਜਮਹਿਲ ਵਿਚ ਰਹਿੰਦੇ
*

21. ਮਾਇਆ ਤਾਈਂ ਨਾਗਣ ਦੱਸਕੇ
ਜੱਗ ਨੂੰ ਸੁਪਨਾ ਕਹਿਣ
ਓਹੀਓ ਇਨ੍ਹਾਂ ਪਿੱਛੇ ਹਰਦਮ
ਦੀਨ ਵੇਚਦੇ ਰਹਿਣ
*

22. ਕੁੱਲੀ ਗੁੱਲੀ ਜੁੱਲੀ ਦੀ ਤਾਂ
ਪਿੱਛੇ ਰਹਿ ਗਈ ਲੋੜ
ਤਨ ਮਨ ਧਨ ਸਭ ਖਾਈ ਜਾਵੇ
ਵਾਹ ਵਾਹ ਦੀ ਇਕ ਹੋੜ੍ਹ
*

23. ਮਹਿਕਾਂ ਵਰਗੀ ਜਿੰਦ ਦੁਆਲੇ
ਉਮਰਾਂ ਜਿੱਡੇ ਚੱਕਰ
ਹਰ ਇਕ ਬੰਦਾ ਕੰਧ ਉਸਾਰੇ
ਮਾਰਨ ਲਈ ਇਕ ਟੱਕਰ
*

24. ਜਿਸਨੇ ਮਾਰੇ ਯੁੱਧ ਵਿਚ
ਸਭ ਤੋਂ ਵੱਧ ਇਨਸਾਨ
ਉਹਦੀ ਛਾਤੀ ਚਮਕਣ ਲੱਗਾ
ਪਰਮਵੀਰ ਸਨਮਾਨ
*



25. ਆਤਮ-ਹੱਤਿਆ ਕਰ ਲੈਂਦੇ ਨੇ
ਜੀਹਦੇ ਵੀ ਅਰਮਾਨ
ਬੜਾ ਸਿਆਣਾ ਬੰਦਾ ਉਹਨੂੰ
ਆਖੇ ਜੱਗ ਜਹਾਨ
*

26. ਸਾਰੇ ਹੀ ਸੁਆਲਾਂ ਦੇ ਫਿਰ
ਲੱਭਣ ਸਾਰੇ ਜੁਆਬ
ਦਿਲ ਦਰਿਆ ਵਿਚ ਡੁੱਬ ਕੇ ਜਦ ਵੀ
ਹੋਈਏ ਲਾਜਵਾਬ
*

27. ਗਿਣਤੀ ਮਿਣਤੀ ਕੁਝ ਨਈਂ ਪਿਆਰੇ
ਹੋ ਜਾ ਬੇਹਿਸਾਬ
ਹਰ ਪਲ ਤੇਰਾ ਸ਼ਬਾਬ ਹੋਏਗਾ
ਹੋ ਜਾ ਬੇਨਕਾਬ
*

ਦੇਵਿੰਦਰ ਸੈਫ਼ੀ ਨਵੇਂ ਪੋਚ ਵਿਚ ਅਸਲੋਂ ਨਵੇਂ ਤੇ ਵਿਲੱਖਣ ਅੰਦਾਜ਼ ਵਾਲਾ ਸ਼ਾਇਰ ਹੈ। ਉਸਦੀ ਸ਼ਾਇਰੀ ਵਿਚ ਅਤੀਤ ਤੇ ਸਮਕਾਲ, ਪੁਰਖੇ ਤੇ ਹਾਣੀ, ਪੂਰਬ ਦੀ ਰੂਹਾਨੀਅਤ ਤੇ ਪੱਛਮ ਦੀ ਦਰਸ਼ਨ-ਬੁੱਧੀ, ਆਧੁਨਿਕ ਤੇ ਉਤਰ-ਆਧੁਨਿਕ ਚੇਤਨਾ, ਕਦੇ ਨਾ ਮੁੱਕਣ ਵਾਲੀ ਜਗਿਆਸਾ, ਤੜਫ਼ ਅਤੇ ਫ਼ਕੀਰਾਨਾ ਬੇਪਰਵਾਹੀ ਧੂਣੀ ਰਮਾ ਕੇ ਬਚਨ-ਬਿਲਾਸ ਕਰਦੇ ਜਾਪਦੇ ਹਨ। ਉਸਦਾ ਕਾਵਿ-ਪਾਤਰ ਪੂਰਬੀ ਜੀਵਨ ਸ਼ੈਲੀ ਅਤੇ ਫ਼ਕੀਰੀ ਜ਼ਹਿਨ ਵਾਲਾ ਐਸਾ ਜਗਿਆਸੂ ਹੈ ਜੋ ਆਪਣੀ ਪਛਾਣ ਤੇ ਹੋਂਦ ਨਾਲ ਜੁੜੇ ਸਦਾਕਾਲੀ ਪ੍ਰਸ਼ਨਾਂ ਨੂੰ ਅਛੋਪਲੇ ਜਿਹੇ ਸਾਡੇ ਹੱਥ ’ਤੇ ਧਰਕੇ ਖ਼ਾਮੋਸ਼ ਹੋ ਜਾਂਦਾ ਹੈ। ਅੰਬਰ, ਧਰਤੀ, ਅਗਨੀ, ਪੌਣ, ਪਾਣੀ, ਬਿਰਖ, ਨਦੀਆਂ, ਚੰਨ, ਸੂਰਜ, ਤਾਰੇ, ਧੁੱਪ, ਚਾਂਦਨੀ ਉਸਦੀ ਕਵਿਤਾ ਵਿਚ ਅਸਲੋਂ ਮੌਲਿਕ ਤੇ ਨਿਵੇਕਲੇ ਅਰਥਾਂ ਵਿਚ ਬੀੜੇ ਹੋਏ ਹਨ। ਉਸਦੇ ਕਾਵਿ-ਪਾਤਰ ਦੀ ਜਗਿਆਸਾ ਵੀ ਇਹਨਾਂ ਕੁਦਰਤੀ ਹੋਂਦਾਂ ਵਾਂਗ ਵਿਸ਼ਾਲ ਹੈ। ਜਿੱਥੋਂ ਉਹ ਸਮਿਆਂ, ਧਰਤੀਆਂ, ਅੰਬਰਾਂ ਤੋਂ ਪਾਰ ਝਾਕਦੀ ਹੈ ਉੱਥੇ ਜੀਵਨ-ਲਿੱਪੀ ਨੂੰ ਪੜ੍ਹਨ ਦੀ ਰੀਝ ਵੀ ਲਈ ਬੈਠੀ ਹੈ। ਜੀਵਨ-ਅਗਨੀ ਤੇ ਜਗਿਆਸਾ-ਅਗਨੀ ਇੱਕੋ ਸਮੇਂ ਆਪਣਾ ਜਲਵਾ ਵਿਖਾਉਂਦੀਆਂ ਨਜ਼ਰ ਆਉਂਦੀਆਂ ਹਨ।

ਜੀਵਨ ਲਿੱਪੀ ਦੀ ਪੜ੍ਹਤ ਨਾਲ ਜੁੜਿਆ ਉਸਦਾ ਕਾਵਿ-ਪਾਤਰ ਜੀਵਨ ਵਿਚ ਮਜੀਠੀ ਅਰਥ ਭਰਨ ਦੀ ਤਾਂਘ ਅਤੇ ਮਨ ਦੇ ਜੋਤੀ ਸਰੂਪ ਨੂੰ ਸਮਝਣ ਦੀ ਤਾਂਘ ਨਾਲ ਇਕੋ ਸਮੇਂ ਜੁੜਦਾ ਹੈ। ਹਕੀਕੀ ਮੁਕਾਮ ਨੂੰ ਪਾਉਣਾ ਲੋਚਦਾ ਉਸਦਾ ਕਾਵਿ-ਪਾਤਰ ਕਿਸੇ ਉਦਾਸੀ ਸਾਧੂ ਵਰਗਾ ਨਹੀਂ ਬਲਕਿ ਆਪਣੀ ਜਾਤ ਨੂੰ ਸਮਝ ਕੇ ਤਪਦੇ ਮਾਰੂਥਲਾਂ ’ਤੇ ਮੇਘਲੇ ਵਾਂਗ ਬਰਸਣ ਵਾਲੀ ਮਾਨਵੀ ਇੱਛਾ ਲੈ ਕੇ ਲਟ-ਲਟ ਬਲਦਾ ਹੈ। ਉਹ ਜਦੋਂ “ਮੈਂ ਅਗਨੀ ਦਾ ਅਗਨੀ ਮੇਰੀ, ਸਾਡਾ ਏ ਸਾਥ ਚਿਰੋਕਾ” ਕਹਿ ਕੇ ਖ਼ੁਦ ਨੂੰ ਅਗਨੀ ਜਾਇਆ ਆਖਦਾ ਹੈ ਤਾਂ ਆਪਣੀ ਇਸ ਕਰਮ-ਅਭਿਲਾਸ਼ਾ ਉਪਰ ਦ੍ਰਿੜਤਾ ਨਾਲ ਦਸਤਖ਼ਤ ਕਰਦਾ ਹੈ।

ਦੇਵਿੰਦਰ ਸੈਫ਼ੀ ਦਾ ਸਦਾ ਮੁਸਾਫ਼ਰੀ ਹੰਢਾਉਣ ਵਾਲਾ ਕਾਵਿ-ਪਾਤਰ ਕਦੇ ਦਰਗਾਹਾਂ ਦੇ ਨਕਸ਼ੇ ਢੂੰਢਦਾ ਹੈ, ਕਦੇ ਅਣਗਾਹੇ ਰਾਹਾਂ ’ਤੇ ਪੈੜਾਂ ਪਾਉਂਦਾ ਹੈ, ਕਦੇ ਬਿਰਖਾਂ ਨੂੰ ਜਾ ਕੇ ਮਿਲਦਾ ਹੈ ਤੇ ਕਦੇ ਅਤੀਤ ਦੇ ਨਾ ਉਠਾਲੇ ਜਾ ਸਕਣ ਵਾਲੇ ਪੂਰਨਿਆਂ ਨੂੰ ਤਰੌਂਕੇ ਮਾਰ ਕੇ ਜਗਾਉਣ ਦਾ ਆਹਰ ਕਰਦਾ ਹੈ। ਇਹ ਪਾਤਰ ਕਦੇ ਧਰਤੀ-ਪੁੱਤਰ ਦੇ ਧੁੱਖਦੇ ਸੀਨਿਆਂ ’ਤੇ ਕਦੇ ਬਿਰਖਾਂ ਦੇ ਮੁੱਢਾਂ ’ਤੇ ਚਲਦੀ ਆਰੀ ਦੀ ਪੀੜਾ ਨੂੰ ਆਦਿ-ਜੁਗ ਦੀ ਵੇਦਨਾ ਵਜੋਂ ਆਪਣੇ ਸੀਨੇ ਵਿਚ ਸਮੋ ਕੇ ਚਲਦਾ ਹੈ।



ਸੈਫ਼ੀ ਦੇ ਕਾਵਿ-ਚਿਹਨ ਆਪਣੇ ਵਿਚ ਗੁੱਝੀ ਸ਼ਕਤੀ ਸਮੋਈ ਬੈਠੇ ਹਨ। ਇਹ ਸ਼ਕਤੀ ਗੁੱਝੇ ਦਾਰਸ਼ਨਿਕ ਰਹੱਸਾਂ ਨਾਲ ਸਬੰਧਿਤ ਹੈ। ਇਹਨਾਂ ਰਹੱਸਾਂ ਉਪਰ ਉਹ ਕਿਧਰੇ ਵੀ ਖ਼ੁਸ਼ਕ ਫ਼ਲਸਫ਼ੀ ਰੰਗ ਨਹੀਂ ਚੜ੍ਹਨ ਦਿੰਦਾ, ਸਗੋਂ ਮਨੁੱਖ ਦੀ ਵੇਦਨਾ, ਪੀੜਾ ਤੇ ਸੰਭਾਵਨਾ ਨੂੰ ਰੰਗ ਰੱਤੜੇ ਤੇ ਗਹਿਰੇ ਭਾਵਾਤਮਕ ਅੰਦਾਜ਼ ਵਿਚ ਪੇਸ਼ ਕਰਦਾ ਹੈ। ਸੈਫ਼ੀ ਦੇ ਕਾਵਿ ਵਿਚ ਸਮਕਾਲ ਤੇ ਰੋਜ਼ਮੱਰਾ ਦੀਆਂ ਦੁਸ਼ਵਾਰੀਆਂ ਹਾਜ਼ਰ ਤਾਂ ਹਨ ਪਰ ਉਸਦਾ ਕਾਵਿ-ਪਾਤਰ ਸਮੇਂ ਤੇ ਸਮਾਜ ਨੂੰ ਕਰਮਭੂਮੀ ਬਣਾਉਣ ਤੀਕ ਨਹੀਂ ਸਿਮਟਦਾ ਬਲਕਿ ਉਹ ਨਿੱਕੀਆਂ ਗਰਜ਼ਾਂ ਵਾਲੇ ਸਮੇਂ ਤੇ ਸਮਾਜ ਤੋਂ ਅਗੇਰੇ, ਵਡੇਰੇ ਸਮੇਂ ਤੇ ਸਮੇਸ ਵਿਚ ਸਦੀਆਂ ਦੇ ਆਰ-ਪਾਰ ਝਾਕਣਾ ਲੋਚਦਾ ਹੈ। ਮਾਨਵਤਾ ਲਈ ਖੈਰ ਮੰਗਣ ਵਾਲੇ ਉਸਦੇ ਕਾਵਿ-ਪਾਤਰ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਧਰਤੀ ਪ੍ਰਤੀ ਪ੍ਰਤਿਬੱਧ ਹੁੰਦੇ ਹੋਇਆਂ ਚੇਤਨਾ ਪੱਖੋਂ ਧਰਤੀ, ਅੰਬਰ ਤੇ ਸਦੀ ਤੋਂ ਪਾਰ ਝਾਕਦਾ ਹੈ।

ਦੇਵਿੰਦਰ ਸੈਫ਼ੀ ਆਪਣੀ ਸਮੁੱਚੀ ਕਾਵਿ-ਸਾਧਨਾ ਵਿਚ ਕੇਵਲ ਕਾਵਿ-ਭਾਸ਼ਾ ਤੇ ਸ਼ਿਲਪ-ਸੁਹਜ ਬਾਰੇ ਹੀ ਚੇਤੰਨ ਨਹੀਂ, ਕਵਿਤਾ ਦੇ ਮਾਨਵੀ ਦਾਇਤਵ ਪ੍ਰਤੀ ਵੀ ਬੇਹੱਦ ਸਜੱਗ ਹੈ। ਉਸਨੇ ਕਈ ਅਣਜਾਣੇ ਤੇ ਅਣਗਾਹੇ ਪਾਸਾਰਾਂ ਨੂੰ ਅਸਲੋਂ ਨਵੇਂ ਖ਼ਾਮੀਰ ਵਾਲੀ ਕਾਵਿ-ਭਾਸ਼ਾ ਵਿੱਚ ਉਜਾਗਰ ਕੀਤਾ ਹੈ। ਇਸੇ ਲਈ ਸੈਫ਼ੀ ਪੰਜਾਬੀ ਕਾਵਿ ਵਿਚ ਨਿਵੇਕਲਾ ਹਸਤਾਖ਼ਰ ਹੈ।

ਡਾ. ਸੁਖਦੇਵ ਸਿੰਘ ਸਿਰਸਾ

ਡਾ. ਦੇਵਿੰਦਰ ਸੈਫ਼ੀ ਬੌਧਿਕ ਪੱਧਰ ਉੱਤੇ ਸਮਾਜ ਦੇ ਵਰਤਮਾਨ ਦਿਸਹੱਦੇ ਉੱਤੇ ਗਹਿਰੇ ਵਿਅੰਗ ਕੱਸਦਾ ਹੈ ਪਰ ਉਸਦਾ ਲਖ਼ਸ਼ ਇਸ ਵਿਆਪਕ ਦੰਭ ਨੂੰ ਉਜਾਗਰ ਕਰਨ ਤਕ ਹੀ ਸੀਮਤ ਨਹੀਂ। ਉਹ ਆਪਣੇ ਮਨਇੱਛਿਤ ਸਮਾਜਿਕ ਪਰਉਸਾਰ ਦੀ ਪਰਿਕਲਪਨਾ ਕਰਦਾ ਹੋਇਆ ਦੰਭੀ ਕਦਰਾਂ ਕੀਮਤਾਂ ਤੋਂ ਨਿਰਲੇਪ ਸੰਸਾਰ ਸਿਰਜਣਾ ਚਾਹੁੰਦਾ ਹੈ। ਇਹੀ ਉਸਦੀ ਸਦਭਾਵਨਾ ਦਾ ਮੂਲ ਧੁਰਾ ਹੈ ਜੋ ਉਸਦੇ ਕਾਵਿਕ ਪੈਰਾਡਾਈਮ ਵਿਚੋਂ ਉਜਾਗਰ ਹੁੰਦਾ ਹੈ।

ਸੈਫ਼ੀ ਦੀ ਪ੍ਰੌਢ ਵਿਲੱਖਣਤਾ ਇਸ ਵਿਚ ਹੈ ਕਿ ਉਹ ਆਪਣੇ ਮੰਤਵ ਦਾ ਦਿਖਾਵਾ ਨਹੀਂ ਕਰਦਾ ਸਗੋਂ ਅਛੋਪਲੇ ਜਿਹੇ ਗੁੱਝੀਆਂ ਰਮਜ਼ਾਂ ਨਾਲ ਹੀ ਆਪਣੀ ਮੰਤਵ-ਸਿੱਧੀ ਦੀ ਚੇਸ਼ਟਾ ਕਰਦਾ ਹੈ। ਉਹ ਆਪਣੇ ਪਾਠਕ ਨੂੰ ਗੰਭੀਰ ਚਿੰਤਨ ਵੱਲ ਅਗਰਸਰ ਕਰਦਾ ਹੈ।

ਡਾ. ਸ਼ਿੰਦਰਪਾਲ ਸਿੰਘ

ਦੇਵਿੰਦਰ ਸੈਫ਼ੀ ਦੀਆਂ ਕਵਿਤਾਵਾਂ ਵਿੱਚ ਮਨੁੱਖੀ ਜੀਵਨ ਵਰਗੀ ਵਿਵਿਧਤਾ ਅਤੇ ਵਚਿੱਤਰਤਾ ਹੈ। ਉਹ ਸੱਚੇ ਅਰਥਾਂ ਵਿੱਚ ਸਿਰਜਕ ਹੈ ਕਿਉਂਕਿ ਮਾਨਵੀ ਇਤਿਹਾਸ ਨੂੰ ਰੂਪਾਂਤਰਿਤ ਕਰਕੇ ਨਵੀਂ ਵਿਉਂਤਬੰਦੀ ਵਿੱਚ ਵੇਖਣ ਦਾ ਅਭਿਲਾਸ਼ੀ ਹੈ। ਉਹ ਪਰੰਪਰਾ ਪੂਜਕ ਨਹੀਂ ਬਲਕਿ ਪਰੰਪਰਾ ਭੰਜਕ ਹੈ। ਉਸ ਦੀਆਂ ਕਵਿਤਾਵਾਂ ਅਜੋਕੇ ਮਾਨਵ ਦੇ ਦੰਭੀ ਅਤੇ ਆਤਮ-ਕੇਂਦਰਿਤ ਕਿਰਦਾਰ ਨੂੰ ਨੰਗਾ ਕਰਨ ਦੇ ਐਲਾਨਨਾਮੇ ਹਨ। ਉਹ ਮਾਨਵੀ ਜੀਵਨ ਨੂੰ ਇੱਕ ਮੌਲਿਕ ਤਰਤੀਬ ਪ੍ਰਦਾਨ ਕਰਨੀ ਲੋਚਦਾ ਹੈ। ਇਹ ਕਵਿਤਾਵਾਂ ਸਾਡੇ ਸਮਿਆਂ ਦੇ ਉਲਝੇ ਅਤੇ ਜਟਿਲ ਸੱਚ ਦਾ ਇੱਕ ਪ੍ਰਮਾਣੀਕ ਦਸਤਾਵੇਜ਼ ਹਨ।

ਪ੍ਰੋ. ਬ੍ਰਹਮਜਗਦੀਸ਼ ਸਿੰਘ

ਸੈਫ਼ੀ ਕਾਇਨਾਤ ਦੀ ਇਬਾਦਤ ਕਰਦਾ ਕਰਦਾ ਇਬਾਰਤ ਬਣ ਜਾਣਾ ਲੋਚਦਾ ਹੈ। ਇਸ ਤੱਥ ਨੂੰ ਅਸੀਂ ਉਸਦੀ ਆਂਤਰਿਕਤਾ ਨਾਲ ਜੁੜੀ ਤਾਤਵਿਕਤਾ ਆਖ ਸਕਦੇ ਹਾਂ।

ਕਦੇ ਕਦੇ ਇਹ ਤਾਤਵਿਕਤਾ ਜਗਿਆਸਾ ਬਣ ਬੈਠਦੀ ਹੈ ਤੇ ਕਦੇ ਕਦੇ ਇਹ ਤਾਤਵਿਕਤਾ ਸ਼ਾਸਵਤ-ਸਾਰਥਿਕਤਾ ਦੀ ਕਲਾਤਮਕਤਾ। ਇਸ ਭਾਵ-ਧਾਰਾ ਕਰਕੇ ਹੀ ਸੈਫ਼ੀ ਦੀ ਕਵਿਤਾ, ਕਵਿਤਾ ਹੈ। ਉਸਦੀ ਕਾਵਿ-ਚੇਤਨਾ ਵਿਲੱਖਣਤਾ ਅਤੇ ਵੰਨ-ਸੁਵੰਨਤਾ ਲਈ ਪ੍ਰਤਿਬੱਧ ਹੈ।

ਦਵੰਦ, ਅੰਤਰ ਦਵੰਦ ਅਤੇ ਜ਼ਿੰਦਗੀ ਦੇ ਮੂਲ-ਮੰਤਰ ਲਈ ਉਪਨਿਸ਼ਦ ਵਾਂਗ ਉਜਾਗਰ ਹੋ ਰਹੀ ਸੈਫ਼ੀ ਦੀ ਕਵਿਤਾ ਗਿਆਤ ਤੇ ਅਗਿਆਤ ਦਾ ਸੰਗੀਤ ਬਣ ਜਾਂਦੀ ਹੈ।

ਓਮ ਪ੍ਰਕਾਸ਼ ਗਾਸੋ

ਮੇਰਾ ਰੁਝਾਨ ਗ਼ਲਪ ਵੱਲ ਵਧੇਰੇ ਹੈ ਪਰ ਜਦੋਂ ਕਦੇ ਕਵਿਤਾ ਦੀ ਕੋਈ ਚੰਗੀ ਪੁਸਤਕ ਛਪਦੀ ਹੈ ਤਾਂ ਜ਼ਰੂਰ ਪੜ੍ਹਦਾ ਤੇ ਮਾਣਦਾ ਹਾਂ। 'ਦੁਪਹਿਰ ਦਾ ਸਫ਼ਾ' ਪੜ੍ਹੀ, ਇਸ ਵਿੱਚ ਅਤਿਅੰਤ ਗੰਭੀਰਤਾ ਤੇ ਕਟਾਖ਼ਸ਼ ਹੈ। ਸਮੁੱਚੀ ਕਵਿਤਾ ਵਿੱਚ ਵੱਖਰੀ ਤਰ੍ਹਾਂ ਦੀ ਬੌਧਿਕ ਪ੍ਰਕਿਰਿਆ ਪੇਸ਼ ਕੀਤੀ ਗਈ ਹੈ। ਪੁਰਾਣੀ ਨੈਤਿਕਤਾ ਤੇ ਮਿੱਥਾਂ ਨੂੰ ਗਿਰਾਉਣ ਦੀ ਗੱਲ ਵੱਡੀ ਸਮਰੱਥਾ ਤੇ ਜ਼ੁਰਅਤ ਨਾਲ ਕੀਤੀ ਹੈ। ਵੱਖਰੇ ਅੰਦਾਜ਼ ਵਾਲੀ ਭਾਸ਼ਾ ਅਤੇ ਨਵੀਂ ਬਿੰਬਾਵਲੀ



ਹੈ। ਮਾਨਵੀ ਦ੍ਰਿਸ਼ਟੀ ਤੋਂ ਇਹ ਕਵਿਤਾ ਜਿਸ ਨਵੀਂ ਚੇਤਨਾ ਦੇ ਸਰੋਕਾਰ ਪੈਦਾ ਕਰਦੀ ਹੈ, ਉਸ ਲਈ ਵੱਡੀਆਂ ਮੁਬਾਰਕਾਂ!

ਬਲਦੇਵ ਸਿੰਘ ਸੜਕਨਾਮਾ

ਬਹੁਤ ਘੱਟ ਕਵੀਆਂ ਕੋਲ ਕਵਿਤਾ ਹੁੰਦੀ ਏ ਤੇ ਬਹੁਤ ਘੱਟ ਕਵੀਆਂ ਦੀ ਕਵਿਤਾ ਵਿੱਚ ਕਵਿਤਾ ਹੁੰਦੀ ਏ। ਗੁਸਤਾਖ਼ੀ ਮਾਫ਼ ਹੋਵੇ ਤਾਂ ਇਹੀ ਕਹਾਂਗਾ; ਡਾ. ਦੇਵਿੰਦਰ ਸੈਫ਼ੀ ਇਹਨਾਂ ਘੱਟ ਕਵੀਆਂ ਵਿੱਚੋਂ ਈ ਏ। ਉਹਦੀ ਕਵਿਤਾ ਉਸ ਵਾਂਗ ਬੋਲਦੀ ਘੱਟ ਏ ਤੇ ਦੱਸਦੀ ਜ਼ਿਆਦਾ ਏ। ਉਹ ਆਪਣੀ ਕਵਿਤਾ ਵਿੱਚ ਕਾਵਿਕਤਾ ਪ੍ਰਤੀ, ਕਾਵਿਕ ਪਹੁੰਚ ਪ੍ਰਤੀ, ਕਾਵਿਕ ਹੁਨਰ ਪ੍ਰਤੀ, ਕਾਵਿਕ ਸੱਚ ਪ੍ਰਤੀ ਪੂਰਾ ਸੁਚੇਤ ਹੈ। ਅਚੇਤਨਤਾ ਕਵੀ ਦੀ ਪ੍ਰਕਿਤਕ ਮੌਲਿਕ ਤਾਕਤ ਏ। ਇਸਨੂੰ ਜਦੋਂ ਉਹ ਵਿਸ਼ੇਸ਼ ਕਾਵਿਕ ਜੁਗਤ ਵਜੋਂ ਸੁਭਾਵਕਤਾ ਸੰਗ ਨਿਭਾਉਂਦਾ ਹੋਇਆ ਕਾਵਿ ਸੁਚੇਤਨਤਾ ਵੱਲ ਵਧਦਾ ਏ ਤਾਂ ਕਾਵਿ ਚਮਤਕਾਰ ਸਾਕਾਰ ਹੁੰਦਾ ਏ। ਉਸਦੀ ਕਵਿਤਾ ਧਰਤੀ ਤੇ ਦੁੱਖਾਂ-ਸੁੱਖਾਂ ਨਾਲ ਬਰ ਮੇਚਦੀ ਹੋਈ ਅੰਬਰੀਂ ਉਡਾਰੀਆਂ ਲਾ ਰਹੀ ਹੈ। ਇੱਕ ਕਾਵਿ-ਪਾਠਕ ਵਜੋਂ ਸੈਫ਼ੀ ਦੀ ਕਵਿਤਾ ਬਾਰੇ ਏਨਾ ਹੀ ਸੰਕੇਤ ਕਰਾਂਗਾ:

ਸਿਰਜਨਹਾਰੇ ਜਾਣਨਹਾਰੇ ਆਪੇ ਸਭ ਕੁਝ ਲੈਣ ਪਛਾਣ
ਇਸ ਅਦਨੇ ਇਨਸਾਨ ਦੀ ਬਿਨਤੀ, ਥੋੜ੍ਹਾ ਲਿਖਿਆ ਬਹੁਤ ਜਾਣ।

ਪ੍ਰੋ. ਅਤੈ ਸਿੰਘ

ਡਾ. ਸੈਫ਼ੀ ਦੀ ਸ਼ਾਇਰੀ ਪੜ੍ਹਨ ਤੇ ਸੁਣਨ ਦਾ ਮੌਕਾ ਮਿਲਿਆ। ਕ੍ਰਾਂਤੀਕਾਰੀ ਅਤੇ ਤਿੱਖ਼ੀ ਤਨਜ਼ ਨਾਲ ਭਰਪੂਰ ਲੱਗੀ ਜੋ ਹਰ ਵਰਤਾਰੇ ਬਾਰੇ ਮੁੜ ਤੋਂ ਸੋਚਣ ਲਈ ਮਜਬੂਰ ਕਰ ਦਿੰਦੀ ਹੈ। ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ ਦੇ ਕਾਮੇ ਵਜੋਂ ਵਿਚਰਦਿਆਂ ਅਜੋਕੇ ਦੌਰ ਦੀ ਤੰਦਰਾ ਨੂੰ ਕਈ ਕੋਣਾਂ ਤੋਂ ਵੇਖਣ ਦਾ ਮੌਕਾ ਮਿਲਿਆ। ਅਜੋਕੇ ਯੁਗ ਵਿਚ ਅਜਿਹੀ ਸ਼ਾਇਰੀ ਹੀ ਮੁੱਲਵਾਨ ਆਖੀ ਜਾ ਸਕਦੀ ਹੈ ਜੋ ਪਾਠਕ/ਸਰੋਤੇ ਨੂੰ ਧੁਰ ਤੱਕ ਝੰਜੋੜ ਦੇਵੇ। ਅਜਿਹੀ ਸਿਰਜਣਾ ਲਈ ਸੈਫ਼ੀ ਨੂੰ ਬਹੁਤ ਬਹੁਤ ਮੁਬਾਰਕ।

ਬਲਦੇਵ ਸਿੰਘ ਮੁੱਟਾ

"ਦੁਪਹਿਰ ਦਾ ਸਫ਼ਾ" ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਹੋ ਜਿਹੀਆਂ ਸੋਹਣੀਆਂ ਸੁਨੱਖੀਆਂ ਲਿਖਤਾਂ ਸੱਤ ਸਮੁੰਦਰਾਂ ਤੋਂ ਪਾਰ ਤਾਂ ਕਿਸਮਤ ਨਾਲ ਹੀ ਮਿਲਦੀਆਂ ਹਨ। ਸੈਫ਼ੀ ਦੀ ਸਮੁੱਚੀ ਰਚਨਾ ਹੀ ਬਹੁਤ ਚੰਗੀ ਹੈ ਪਰ ਉਸਦਾ ਸੂਫ਼ੀਆਨਾ ਕਲਾਮ ਤਾਂ ਮੈਨੂੰ ਆਪਣੀ ਉਂਗਲ ਲਾ ਕੇ ਬਾਬਾ ਫ਼ਰੀਦ ਦੀ ਦਰਗਾਹ ਵਿੱਚ ਹੀ ਲੈ ਗਿਆ। ਅਜੋਕੇ ਸਮੇਂ ਅਜਿਹੀ ਰਚਨਾ ਦਾ ਹੀ ਪੰਜਾਬੀ ਸਾਹਿਤ ਵਿੱਚ ਥੋੜਾ ਹੈ।

ਸ਼ੇਰ ਸਿੰਘ ਕੰਵਲ (ਯੂ.ਕੇ.)

ਅੱਜ ਤੋਂ ਪੰਜ ਸੌ ਸਾਲ ਪਹਿਲਾਂ ਪੰਜਾਬੀ ਸ਼ਾਇਰੀ ਦੇ ਪਿਤਾਮਾ ਗੁਰੂ ਨਾਨਕ ਸਾਹਿਬ ਨੇ "ਧੰਨ ਲਿਖਾਰੀ ਨਾਨਕਾ ਜਿਨ ਨਾਮ ਲਿਖਾਇਆ ਸੱਚ" ਕਹਿੰਦੇ ਹੋਏ ਲਿਖਾਰੀਆਂ ਲਈ ਇੱਕ ਨਵਾਂ ਮਾਪਦੰਡ ਤਹਿ ਕਰ ਦਿੱਤਾ ਸੀ। ਗੁਰੂ ਨਾਨਕ ਸਾਹਿਬ ਵੱਲੋਂ ਮਾਨਵੀ ਚੇਤਨਾ ਦੇ ਸਿਖ਼ਰ ਉੱਤੇ ਪਹੁੰਚਣ ਲਈ ਵਿਕਸਤ ਕੀਤੇ ਸਮੁੰਦਰ ਵਰਗੇ ਗਹਿਰੇ ਨਾਮ ਦੇ ਸਿਧਾਂਤ ਨੂੰ ਅਕਲ ਦੇ ਅੰਨ੍ਹੇ ਸਿੱਖ ਪੁਜਾਰੀਆਂ ਨੇ ਪੂਰੇ ਜ਼ੋਰ ਸ਼ੋਰ ਨਾਲ ਐਨਾ ਗੰਧਾਲ ਦਿੱਤਾ ਕਿ ਗੁਰੂ ਨਾਨਕ ਸਾਹਿਬ ਇਕ ਇਨਕਲਾਬੀ ਦੀ ਥਾਂ ਸਾਧ ਪ੍ਰਤੀਤ ਹੋਣ ਲੱਗ ਪਏ।

ਪੁਜਾਰੀਵਾਦ ਦੇ ਲੱਖ ਯਤਨਾਂ ਦੇ ਬਾਵਜੂਦ ਵੀ ਨਾਮ ਦੇ ਸਿਧਾਂਤ ਨੂੰ ਅੱਗੇ ਤੋਰਨ ਲਈ ਪੰਜਾਬੀ ਸ਼ਾਇਰੀ 'ਧੰਨ ਲਿਖਾਰੀ ਨਾਨਕਾ' ਦੇ ਰਾਹ ਉੱਤੇ ਤੁਰਦੀ ਆ ਰਹੀ ਹੈ। ਪੰਜਾਬੀ ਸ਼ਾਇਰੀ ਦੇ ਯੁਵਾ ਹਸਤਾਖ਼ਰ ਦੇਵਿੰਦਰ ਸੈਫ਼ੀ ਦੀ ਸ਼ਾਇਰੀ ਵੀ ਉਸੇ ਚੇਤਨਾ ਦੀ ਪਾਂਧੀ ਹੈ-ਜੋ ਆਤਮਾ ਦੇ ਅੰਮ੍ਰਿਤ ਅਤੇ ਚੜ੍ਹਾਵਿਆਂ ਦੇ ਨਰਕੀ ਕਰਮਕਾਂਡ ਦੇ ਸੱਚ ਨੂੰ ਪਹਿਚਾਣਦੀ ਹੈ।

ਸਮਾਧੀ ਦੀ ਅਵਸਥਾ 'ਚੋਂ ਕੀਤੀ ਉਸਦੀ ਸ਼ਾਇਰੀ ਕਈ ਥਾਵਾਂ ਉੱਪਰ ਇਲਹਾਮ ਵਰਗੀ ਪ੍ਰਤੀਤ ਹੁੰਦੀ ਹੈ।

ਡਾ. ਹਰਜਿੰਦਰ ਮੀਤ

ਡਾ. ਦੇਵਿੰਦਰ ਸੈਫ਼ੀ ਆਪਣੀ ਕਵਿਤਾ ਰਾਹੀਂ ਹਨੇਰਗ਼ਰਦੀ ਦੇ ਇਸ ਯੁੱਗ ਵਿੱਚ ਚਿੱਟੇ ਪਾਕਿ, ਤਿੱਖੇ ਤੇ ਚੁੰਧਿਆ ਦੇਣ ਵਾਲੇ ਚਾਨਣ ਦਾ ਛਿੱਟਾ ਦਿੰਦਾ ਨਜ਼ਰ ਆਉਂਦਾ ਹੈ। ਇਹ ਚਾਨਣ ਸਾਡੇ ਸਮਾਜ ਦੇ ਪਾਖੰਡੀ, ਬਨਾਵਟੀ, ਅਖੌਤੀ ਅਤੇ ਮੁਖੌਟਿਆਂ ਵਿੱਚ ਘਿਰੇ ਚਿਹਰਿਆਂ ਨੂੰ ਸੱਚ ਦਾ ਸਾਹਮਣਾ ਕਰਨ ਲਈ ਮਜ਼ਬੂਰ ਕਰਦਾ ਹੈ। ਸੈਫ਼ੀ-ਕਾਵਿ ਸਮੁੱਚੀ ਲੋਕਾਈ ਨੂੰ ਨਿੱਜਤਾ ਤੋਂ ਮਾਨਵਤਾ ਵੱਲ ਜਾਣ ਲਈ ਪ੍ਰੇਰਤ ਕਰਨ ਅਤੇ ਕਾਲਖਾਂ ਮਿਟਾਉਣ ਦਾ ਸਫ਼ਲ



ਯਤਨ ਕਰਦਾ ਨਜ਼ਰ ਆਉਂਦਾ ਹੈ, ਬਸ਼ਰਤ-ਏ ਤੁਹਾਡੇ ਕੋਲ ਇਹਨਾਂ ਯਤਨਾਂ ਨੂੰ ਵੇਖਣ ਤੇ ਸਹਿ ਸਕਣ ਦੀ ਹਿੰਮਤ ਹੋਵੇ।

ਡਾ. ਇੰਦਰਪ੍ਰੀਤ ਸਿੰਘ ਧਾਮੀ

ਇੰਦਰੀ ਅਤੀਤ ਹੋਣ ਤੱਕ ਦੁਪਹਿਰ ਦੇ ਸਫ਼ਿਆਂ 'ਤੇ ਵਿਛਣਾ ਪੈਂਦਾ ਹੈ। ਤੁਹਾਡੇ ਸਵਾਲ ਤੇ ਤੁਹਾਡੀ ਜਗਿਆਸਾ...

ਕੀ ਦੱਸਾਂ ਮੈਂ ਕੌਣ...
ਆਪਣੇ ਤਪਦੇ ਜਿਸਮ ਵਿਚ...
ਖੋਹਲ ਦਿਓ ਆਪਣੇ ਹਿਰਦੇ...
ਲੱਗਦਾ ਤੁਹਾਡੀ ਸੋਝੀ ਤੁਹਾਨੂੰ ਗਯਾ ਦੇ ਬਿਰਖ਼ ਤੱਕ ਜ਼ਰੂਰ ਲੈ ਜਾਵੇਗੀ।
ਮੁਬਾਰਕਾਂ! ਇਸ ਸਫ਼ਰ ਦੀਆਂ।

ਨੀਰੂ ਅਸੀਮ